## 94

# ਵਿਸ਼ਵਾਸ ਕਰਨ ਵਿਚ ਦਿੱਕਤ

### ਬਾਈਬਲ ਪਾਠ #42

VIII. ਯਿਸੂ ਦਾ ਜੀ ਉੱਠਣਾ, ਵਿਖਾਈ ਦੇਣਾ ਅਤੇ ਉੱਪਰ ਉਠਾਇਆ ਜਾਣਾ (ਚੱਲਦਾ)।

ੳ. ਐਤਵਾਰ: ਯਿਸੂ ਦੇ ਜੀ ਉੱਠਣ ਦਾ ਦਿਨ (ਚੱਲਦਾ)।

1. ਖਾਲੀ ਕਬਰ (ਚੱਲਦਾ)।
   ਅ. ਦੋ ਰਸੂਲ ਅਤੇ ਖ਼ਾਲੀ ਕਬਰ (ਲੂਕਾ 24:12; ਯੂਹੰਨਾ 20:1–10; ਵੇਖੋ ਲੂਕਾ 24:24)।
2. ਪਹਿਲੀ ਵਾਰ ਵਿਖਾਈ ਦੇਣਾ: ਮਰੀਅਮ ਮਗਦਲੀਨੀ ਨੂੰ (ਮਰਕੁਸ 16:9–11; ਯੂਹੰਨਾ 20:11–18; ਵੇਖੋ ਲੂਕਾ 24:10)।
3. ਦੂਜੀ ਵਾਰ ਵਿਖਾਈ ਦੇਣਾ: ਹੋਰ ਔਰਤਾਂ ਨੂੰ (ਮੱਤੀ 28:9–11ੳ; ਵੇਖੋ ਆਇਤਾਂ 1, 5–8)।
4. ਇਕ ਰਿਪੋਰਟ ਅਤੇ ਝੂਠ (ਮੱਤੀ 28:11–15)।
5. ਤੀਜੀ ਵਾਰ ਵਿਖਾਈ ਦੇਣਾ: ਪਤਰਸ ਨੂੰ (1 ਕੁਰਿੰਥੀਆਂ 15:5; ਵੇਖੋ ਲੂਕਾ 24:34)।
6. ਚੌਥੀ ਵਾਰ ਵਿਖਾਈ ਦੇਣਾ ਕਲਿਉਪਸ ਅਤੇ ਇਕ ਹੋਰ ਨੂੰ (ਮਰਕੁਸ 16:12, 13; ਲੂਕਾ 24:13–35)।

### ਜਾਣ ਪਛਾਣ

ਕੀ ਤੁਹਾਨੂੰ ਵਿਸ਼ਵਾਸ ਭਾਵ ਖ਼ੁਦਾ ਦੇ ਕਿਸੇ ਵਾਅਦੇ ਤੇ ਸਚਮੁਚ ਯਕੀਨ ਕਰਨ ਵਿਚ ਕਦੇ ਦਿੱਕਤ ਆਈ ਹੈ?[1] ਮਿਸਾਲ ਦੇ ਤੌਰ ਤੇ, ਜਦ ਲਗਦਾ ਹੈ ਕਿ ਜ਼ਿੰਦਗੀ ਵਿਚ ਸਭ ਕੁਝ ਗਲਤ ਹੋ ਰਿਹਾ ਹੈ, ਤਾਂ ਕੀ ਤੁਹਾਨੂੰ ਇਹ ਯਕੀਨ ਕਰਨਾ ਮੁਸ਼ਕਿਲ ਲਗਦਾ ਹੈ ਕਿ ਅਖ਼ੀਰ ਵਿਚ ''ਸਾਰੀਆਂ ਵਸਤਾਂ ਰਲ ਕੇ ਭਲਾ'' ਕਰਨਗੀਆਂ (ਰੋਮੀਆਂ 8:28)? ਯਿਸੂ ਦੇ ਚੇਲਿਆਂ ਨੂੰ ਇਹੀ ਮੁਸ਼ਕਿਲ ਆਈ ਸੀ, ਜਿਹੜੀ ਸਾਡੇ ਵਿੱਚੋਂ ਕਈਆਂ ਨੂੰ ਖ਼ੁਦਾ ਦੇ ਵਾਅਦਿਆਂ ਨੂੰ ਮੰਨਣ ਵਿਚ ਆਉਂਦੀ ਹੈ। ਮਸੀਹ ਨੇ ਆਪਣੇ ਚੇਲਿਆਂ ਨੂੰ ਦੱਸਿਆ ਸੀ ਕਿ ਉਹ ਮੁਰਦਿਆਂ ਵਿੱਚੋਂ ਜੀ ਉੱਠੇਗਾ (ਮਰਕੁਸ 8:31; 9:31), ਪਰ ਉਨ੍ਹਾਂ ਨੂੰ ਉਹਦੀਆਂ ਗੱਲਾਂ ਸਮਝ ਨਹੀਂ ਆਈਆਂ ਸਨ (ਮਰਕੁਸ 9:32; ਵੇਖੋ ਯੂਹੰਨਾ 20:9), ਉਨ੍ਹਾਂ ਨੂੰ ਉਨ੍ਹਾਂ ਦਾ ਯਕੀਨ ਹੀ ਨਹੀਂ ਹੋਇਆ ਸੀ। ਇਸ ਅਧਿਐਨ ਵਿਚ[2] ਅਸੀਂ ਪ੍ਰਭੂ ਦੇ ਚੇਲਿਆਂ ਨੂੰ ਇਹ ਵਿਸ਼ਵਾਸ ਕਰਨ ਦੀ ਕਸ਼ਮਕਸ਼ ਕਰਦੇ ਵੇਖਾਂਗੇ ਕਿ ਉਹ ਸਚਮੁਚ ਮੁਰਦਿਆ ਵਿੱਚੋਂ ਜੀ ਉੱਠਿਆ ਸੀ।

### ਕਬਰ ਤੇ
### (ਲੂਕਾ 24:12; ਯੂਹੰਨਾ 20:1-10)

ਪਿਛਲੇ ਪਾਠ ਦੇ ਅਖ਼ੀਰ ਵਿਚ ਅਸੀਂ ਹਫ਼ਤੇ ਦੇ ਪਹਿਲੇ ਦਿਨ ਮੂੰਹ ਹਨ੍ਹੇਰੇ ਕਬਰ ਤੇ ਜਾਣ ਵਾਲੀਆਂ ਔਰਤਾਂ ਦੀ ਕਹਾਣੀ ਵੇਖੀ ਸੀ (ਮੱਤੀ 28:1–8; ਮਰਕੁਸ 16:1–8 ; ਲੂਕਾ 24:1–11)। ਉਨ੍ਹਾਂ ਵਿਚ ਮਰੀਅਮ ਮਗਦਲੀਨੀ ਵੀ ਸੀ (ਮੱਤੀ 28:1; ਮਰਕੁਸ 16:1)। ਵਿਚ ਕਿਤੇ, ਉਹ ਉਨ੍ਹਾਂ ਤੋਂ

ਅੱਡ ਹੋ ਗਈ ਸੀ। ਉਹ ਉਨ੍ਹਾਂ ਤੋਂ ਪਹਿਲਾਂ ਕਬਰ ਤੇ ਪਹੁੰਚ ਗਈ ਹੋਵੇਗੀ ਅਤੇ ਉਨ੍ਹਾਂ ਦੇ ਪਹੁੰਚਣ ਤੋਂ ਪਹਿਲਾਂ ਉੱਥੇ ਆ ਗਈ ਹੋਵੇਗੀ।[3] ਜੇ ਉਹ ਉਨ੍ਹਾਂ ਦੇ ਪਹੁੰਚਣ ਵੇਲੇ ਕਬਰ ਤੇ ਸੀ, ਤਾਂ ਸ਼ਾਇਦ ਉਸ ਨੇ ਮਦਦ ਲਈ ਭੱਜਣ ਤੋਂ ਪਹਿਲਾਂ ਉਨ੍ਹਾਂ ਨੂੰ ਉੱਥੇ ਰੋਕਿਆ ਹੋਵੇਗਾ।

ਜੋ ਵੀ ਹੋਵੇ, ਦਫ਼ਨਾਏ ਜਾਣ ਦੀ ਥਾਂ ਤੇ ਪਹੁੰਚ ਕੇ, ਉਸ ਨੇ ''ਪੱਥਰ ਨੂੰ ... ਸਰਕਾਇਆ ਹੋਇਆ ਵੇਖਿਆ (ਯੂਹੰਨਾ 20:1)। ਇਸ ਨਾਲੋਂ ਵੀ ਬੁਰਾ ਹੋਣ ਦੀ ਸੋਚ ਕੇ, ਕਬਰ ਵਿਚ ਝਾਕਣ ਲਈ ਰੁਕੇ ਬਗੈਰ ਉਹ ਪਤਰਸ ਅਤੇ ਯੂਹੰਨਾ ਕੋਲ ਨੱਸ ਗਈ (ਯੂਹੰਨਾ 20:2ੳ)।[4] ਉਸ ਨੇ ਉਨ੍ਹਾਂ ਨੂੰ ਦੱਸਿਆ, ''ਪ੍ਰਭੂ ਨੂੰ ਕਬਰ ਵਿੱਚੋਂ ਕੱਢ ਲੈ ਗਏ ਅਤੇ ਸਾਨੂੰ ਪਤਾ ਨਹੀਂ ਭਈ ਉਹ ਨੂੰ ਕਿੱਥੇ ਰੱਖਿਆ!'' (ਯੂਹੰਨਾ 20:2ਅ)।

ਚੌਕਸ, ਪਤਰਸ ਅਤੇ ਯੂਹੰਨਾ ਬਾਗ ਵੱਲ ਨੂੰ ਭੱਜੇ (ਯੂਹੰਨਾ 20:3, 4ੳ; ਲੂਕਾ 24:12ੳ)। ਯੂਹੰਨਾ ਜੋ ਸ਼ਾਇਦ ਛੋਟਾ ਸੀ, ''ਪਤਰਸ ਨਾਲੋਂ ਛੇਤੀ ਭੱਜ ਕੇ ਅੱਗੇ ਲੰਘ ਗਿਆ ਅਤੇ ਕਬਰ ਕੋਲ ਪਹਿਲਾਂ ਆਇਆ'' (ਯੂਹੰਨਾ 20:4ਅ; ਵੇਖੋ ਆਇਤ 8ੳ)। ਔਰਤਾਂ ਦੇ ਉੱਥੇ ਜਾਣ ਤੋਂ ਪਹਿਲਾਂ ਦੋਵੇਂ ਪਹੁੰਚ ਗਏ ਸਨ (ਵੇਖੋ ਮੱਤੀ 28:8; ਲੂਕਾ 24:9)।

ਯੂਹੰਨਾ ਨੇ ਝੁਕ ਕੇ ਕਬਰ ਦੇ ਅੰਦਰ ਝਾਕਿਆ (ਯੂਹੰਨਾ 20:5ੳ)। ਉਸ ਨੇ ''ਕਤਾਨੀ ਕੱਪੜੇ ਪਏ ਹੋਏ ਡਿੱਠੇ'' ਜਿਨ੍ਹਾਂ ਵਿਚ ਯਿਸੂ ਦੀ ਦੇਹ ਲਵੇਟੀ ਗਈ ਸੀ; ਪਰ ਚੌਕਸੀ ਨਾਲ ''ਉਹ ਅੰਦਰ ਨਾ ਗਿਆ'' (ਯੂਹੰਨਾ 20:5ਅ)। ਪਤਰਸ ਉਹਦੇ ਮਗਰ ਹੀ ਆ ਗਿਆ (ਯੂਹੰਨਾ 20:6ੳ) ਅਤੇ ਆਪਣੀ ਆਦਤ ਮੁਤਾਬਿਕ ਫ਼ੁਰਤੀ ਨਾਲ ਕਬਰ ਵਿਚ ਚਲਿਆ ਗਿਆ। ਉਹ ''ਵੇਖਦਾ ਹੈ ਜੋ ਕਤਾਨੀ ਕੱਪੜੇ ਪਏ ਹੋਏ ਹਨ। ਅਤੇ ਉਹ ਰੁਮਾਲ ਜਿਹੜਾ ਉਸ ਦੇ ਸਿਰ ਉੱਤੇ ਬੱਧਾ ਹੋਇਆ ਸੀ ਉਨ੍ਹਾਂ ਕਤਾਨੀ ਕੱਪੜਿਆਂ ਦੇ ਨਾਲ ਹੈ ਨਹੀਂ ਪਰ ਵਲ੍ਹੇਟਿਆ ਹੋਇਆ ਇਕ ਥਾਂ ਵੱਖਰਾ ਪਿਆ ਹੈ'' (ਯੂਹੰਨਾ 20:6ਅ, 7; ਵੇਖੋ ਲੂਕਾ 24:12ਅ)।[5]

ਪਤਰਸ ਦੀ ਦਲੇਰੀ ਵੇਖ ਕੇ ਯੂਹੰਨਾ ਵੀ ਕਬਰ ਦੇ ਅੰਦਰ ਆ ਜਾਂਦਾ ਹੈ ਅਤੇ ਕੱਪੜਿਆਂ ਨੂੰ ਵੇਖ ਕੇ ਉਹਨੇ ''ਪਰਤੀਤ ਕੀਤੀ'' (ਯੂਹੰਨਾ 20: 8)। ਖਾਲੀ ਕਬਰ ਵਿਚ ਕੱਪੜਿਆਂ ਦੇ ਢੇਰ ਵਿਚ ਅਜਿਹਾ ਕੀ ਸੀ, ਜਿਸ ਤੋਂ ਉਨ੍ਹਾਂ ਨੂੰ ਯਕੀਨ ਹੋ ਗਿਆ? ਇਕ ਪਾਸੇ ਤਾਂ ਜੇ *ਦੋਸਤਾਂ* ਨੇ ਯਿਸੂ ਦੀ ਲਾਸ਼ ਲਿਜਾ ਕੇ ਕਿਤੇ ਹੋਰ ਦਫ਼ਨਾ ਦਿੱਤੀ ਹੁੰਦੀ, ਤਾਂ ਉਨ੍ਹਾਂ ਨੇ ਲਾਸ਼ ਦੇ ਕੱਪੜੇ ਨਹੀਂ ਲਾਹੁਣੇ ਸਨ। ਦੂਜੇ ਪਾਸੇ ਜੇ *ਕਬਰਾਂ ਦੇ ਲੁਟੇਰੇ* ਉਹਦੀ ਲਾਸ਼ ਚੁੱਕ ਕੇ ਲੈ ਗਏ ਹੁੰਦੇ ਤਾਂ ਉਨ੍ਹਾਂ ਕੋਲ ਪੱਟੀਆਂ ਲਾਹੁਣ ਲਈ ਸਮਾਂ ਨਹੀਂ ਹੋਣਾ ਸੀ। ਯਕੀਨਨ ਹੀ ਉਨ੍ਹਾਂ ਨੇ ਕੱਪੜਿਆਂ ਨੂੰ ਤੈਅ ਲਾ ਕੇ ਰੱਖਣ ਜਾਂ ਰੁਮਾਲ ਨੂੰ ਵੱਖਰੀ ਥਾਂ ਰੱਖਣ ਲਈ ਨਹੀਂ ਰੁਕਣਾ ਸੀ। ਕਫ਼ਨ ਦਾ ਇਸ ਤਰ੍ਹਾਂ ਰੱਖੇ ਜਾਣ ਦਾ ਇੱਕੋ ਹੀ ਕਾਰਣ ਸੀ ਕਿ ਮਸੀਹ ਨੇ ਕਿਸੇ ਤਰ੍ਹਾਂ ਉਸ ਨੂੰ ਆਪਣੀ ਹੀ ਮਰਜ਼ੀ ਨਾਲ ਉੱਥੇ ਰੱਖਿਆ ਸੀ। ਉਹ ਜ਼ਰੂਰ ਜੀ ਉੱਠਿਆ ਸੀ!

ਬਹੁਤ ਸਾਰੇ ਲੇਖਕ ਸੁਝਾਅ ਦਿੰਦੇ ਹਨ ਕਿ ਪੱਟੀਆਂ ਦਾ *ਰੱਖਿਆ ਜਾਣਾ* ਯੂਹੰਨਾ ਦੇ ਵਿਸ਼ਵਾਸ ਕਰਨ ਦਾ ਇਕ ਕਾਰਣ ਸੀ। ਜੇ ਯਿਸੂ ਉਨ੍ਹਾਂ ਕੱਪੜਿਆਂ ਅਤੇ ਮਸਾਲਿਆਂ ''ਵਿੱਚੋਂ'' ਉਵੇਂ ਹੀ ਨਿਕਲ ਗਿਆ ਜਿਵੇਂ ਉਹ ਬੰਦ ਦਰਵਾਜ਼ਿਆਂ ''ਵਿੱਚੋਂ ਦੀ ਨਿੱਕਲਿਆ'' ਸੀ,[6] ਤਾਂ ਲਾਸ਼ ਦੇ ਕੱਪੜੇ ਉਵੇਂ ਹੀ ਪਏ ਹੋਣੇ ਸਨ।

> ਸੁੰਗੜੇ ਹੋਏ, ਵੱਟ ਪਏ ਰੇਸ਼ਮ ਦੇ ਖੋਲ ਵਾਂਗ, ਜਿਸ ਵਿੱਚੋਂ ਦੀ ਨਿੱਕਲ ਕੇ ਕੀੜਾ ਉੱਡ ਗਿਆ ਅਤੇ ਸੂਰਜ ਦੀ ਰੌਸ਼ਨੀ ਵਿਚ ਚਲਿਆ ਗਿਆ ... ਸੀ ਵਾਂਗ ਪਏ ਹੋਣੇ ਸਨ, ਜਾਂ, ਹੋਰ ਚੰਗੀ ਤਰ੍ਹਾਂ ਕਹੀਏ ਤਾਂ ਦਸਤਾਨੇ ਵਾਂਗ ਜਿਸ ਵਿੱਚੋਂ ਹੱਥ ਕੱਢ ਲਿਆ ਜਾਂਦਾ ਹੈ ਅਤੇ ਉਂਗਲਾਂ ਦੇ ਨਿਸ਼ਾਨ ਅਜੇ ਵੀ ਉਸ ਵਿਚ ਪਏ ਹੁੰਦੇ ਹਨ।[7]

ਪਰ ਯੂਹੰਨਾ ਦਾ ਯਕੀਨ ਅਜੇ ਵੀ ਬੁਨਿਆਦੀ ਅਤੇ ਅਧੂਰਾ ਸੀ। ਅਸੀਂ ਉਸ ਨੂੰ ਉਸ ਪਿਤਾ ਨਾਲ

ਮਿਲਾ ਸਕਦੇ ਹਾਂ, ਜਿਹੜਾ ਪੁਕਾਰ ਉੱਠਿਆ ਸੀ, ''ਮੈਂ ਪਰਤੀਤ ਕਰਦਾ ਹਾਂ, ਤੁਸੀਂ ਮੇਰੀ ਬੇ ਪਰਤੀਤੀ ਦਾ ਉਪਾਉ ਕਰੋ'' (ਮਰਕੁਸ 9:24)। ਕਈ ਸਾਲ ਬਾਅਦ ਯੂਹੰਨਾ ਨੇ ਲਿਖਿਆ ਕਿ ''[ਉਹ ਅਤੇ ਪਤਰਸ] ਅਜੇ ਇਸ ਲਿਖਤ ਦਾ ਅਰਥ ਨਹੀਂ ਸਮਝਿਆ ਸੀ ਭਈ ਉਸ ਨੇ ਮੁਰਦਿਆਂ ਵਿੱਚੋਂ ਜੀ ਉੱਠਣਾ ਹੈ'' (ਯੂਹੰਨਾ 20:9)। ਇਨ੍ਹਾਂ ਦੋਹਾਂ ਦੇ ''ਆਪਣੇ ਘਰ ਨੂੰ ਫਿਰ ਮੁੜ'' (ਯੂਹੰਨਾ 20:10) ਕੇ ਜਾਂਦਿਆਂ ਯੂਹੰਨਾ ਨੇ ਕੁਝ ਇਕ ਹੱਦ ਤਕ ''ਪਰਤੀਤ ਕੀਤੀ'' (ਯੂਹੰਨਾ 20:8)। ਜਦਕਿ ਪਤਰਸ ''ਇਸ ਵਾਰਤਾ ਤੇ'' ਹੈਰਾਨ ਸੀ (ਲੂਕਾ 24:12ੲ)।[8] ਤਾਂ ਵੀ ਉਹ ਇਹ ਨਹੀਂ ਸਮਝੇ ਸਨ ਕਿ ਇਹ ਪ੍ਰਭੂ ਦੇ ਵਾਅਦੇ ਦਾ ਪੂਰਾ ਹੋਣਾ ਸੀ ਕਿ ਉਹ ਫੇਰ ਜੀ ਉੱਠੇਗਾ।[9]

## ਬਾਗ ਵਿਚ
## (ਮਰਕੁਸ 16:9-11; ਯੂਹੰਨਾ 20:11-18; ਵੇਖੋ ਲੂਕਾ 24:10)

ਕਬਰ ਤੇ ਵਾਪਸ ਆ ਜਾਣ ਤੇ ਮਰੀਅਮ ਮਗਦਲੀਨੀ ਨੂੰ ਉਮੀਦ ਹੋਵੇਗੀ ਕਿ ਪਤਰਸ ਅਤੇ ਯੂਹੰਨਾ ਦੇ ਨਾਲ ਔਰਤਾਂ ਉੱਥੇ ਹੀ ਹੋਣਗੀਆਂ, ਪਰ ਉਹ ਸਭ ਜਾ ਚੁਕੇ ਸਨ। ਉਹ ''ਬਾਹਰ ਕਬਰ ਉੱਤੇ ਰੋਂਦੀ ਖੜੀ ਰਹੀ'' (ਯੂਹੰਨਾ 20:11ੳ), ਉਹ ਆਪਣੇ ਦੋਸਤ ਦੇ ਖੁੱਸ ਜਾਣ ਤੇ ਰੋ ਰਹੀ ਸੀ ਅਤੇ ਇਸ ਲਈ ਵੀ ਕੁਰਲਾ ਰਹੀ ਸੀ ਕਿਉਂਕਿ ਉਸ ਨੂੰ ਮਸਹ ਕਰਨ ਦਾ ਮੌਕਾ ਮਿਲਣ ਤੋਂ ਪਹਿਲਾਂ ਹੀ ਕੋਈ ਉਸ ਦੀ ਲਾਸ਼ ਨੂੰ ਲੈ ਗਿਆ ਸੀ।

ਮਰੀਅਮ ਨੇ ਕਬਰ ਦੇ ਅੰਦਰ ਝਾਕ ਕੇ ਨਹੀਂ ਵੇਖਿਆ ਹੋਵੇਗਾ। ਉਸ ਨੇ ''ਨਿਉਂ ਕੇ ਜਾਂ ਕਬਰ ਵਿਚ ਝਾਤੀ ਮਾਰੀ। ਪਰ ਮਰਿਯਮ ਬਾਹਰ ਕਬਰ ਉੱਤੇ ਰੋਂਦੀ ਖੜੀ ਰਹੀ। ਸੋ ਰੋਂਦੀ ਰੋਂਦੀ ਉਸ ਨੇ ਨਿਉਂ ਕੇ ਜਾਂ ਕਬਰ ਵਿਚ ਝਾਤੀ ਮਾਰੀ ਤਾਂ ਕੀ ਵੇਖਦੀ ਹੈ ਜੋ ਦੋ ਦੂਤ ਚਿੱਟਾ ਪਹਿਰਾਵਾ ਪਹਿਨੇ ਹੋਏ ਇਕ ਸਿਰਹਾਣੇ ਅਤੇ ਦੂਜਾ ਪੁਆਂਦੀ ਜਿੱਥੇ ਯਿਸੂ ਦੀ ਲੋਥ ਪਈ ਸੀ ਬੈਠੇ ਹਨ'' (ਯੂਹੰਨਾ 20:11ਅ, 12)।[10] ਫ਼ਰਿਸ਼ਤਿਆਂ ਨੂੰ ਸੰਦੂਕ ਤੇ ਕਰੂਬਾਂ ਦੇ ਵਾਂਗ ਰੱਖਿਆ ਗਿਆ ਸੀ, ਜਿਵੇਂ ਕਿ ਮਸੀਹ ਦੀ ਕਬਰ ਪਰਾਸਚਿਤ ਦਾ ਨਵਾਂ ਢਕਣਾ ਹੋਵੇ।[11] ਸੁਰਗੀ ਦੂਤਾਂ ਨੇ ਮਰੀਅਮ ਨੂੰ ਆਖਿਆ, ''ਹੇ ਬੀਬੀ, ਤੂੰ ਕਿਉਂ ਰੋਂਦੀ ਹੈਂ?'' (ਯੂਹੰਨਾ 20:13ੳ)। ਉਸ ਨੇ ਜਵਾਬ ਦਿੱਤਾ, ''ਇਸ ਲਈ ਜੋ ਮੇਰੇ ਪ੍ਰਭੂ ਨੂੰ ਲੈ ਗਏ ਅਤੇ ਮੈਨੂੰ ਪਤਾ ਨਹੀਂ ਜੋ ਉਹ ਨੂੰ ਕਿੱਥੇ ਰੱਖਿਆ'' (ਯੂਹੰਨਾ 20:13ਅ)।

ਤਦੇ, ਮਰੀਅਮ ''ਪਿੱਛੇ ਮੁੜੀ ਅਤੇ ਯਿਸੂ ਨੂੰ ਖਲੋਤਾ ਵੇਖਿਆ ਅਰ ਨਾ ਸਿਆਤਾ ਭਈ ਇਹ ਯਿਸੂ ਹੈ'' (ਯੂਹੰਨਾ 20:14ੳ)। ਮਰਕੁਸ 16:9 ਦੇ ਮੁਤਾਬਿਕ, ਯਿਸੂ ਦਾ ਜੀ ਉੱਠਣ ਦੇ ਬਾਅਦ ਇਹ ਪਹਿਲਾ ਦਰਸ਼ਨ ਸੀ। ਪਹਿਲਾਂ ਤਾਂ ਮਰੀਅਮ ਨੇ ''ਨਾ ਸਿਆਤਾ ਭਈ ਇਹ ਯਿਸੂ ਹੈ'' (ਯੂਹੰਨਾ 20:14ਅ)। ਸਾਨੂੰ ਨਹੀਂ ਪਤਾ ਕਿ ਉਸ ਨੇ ਉਸ ਨੂੰ ਇਕਦਮ ਕਿਉਂ ਨਹੀਂ ਪਛਾਣਿਆ। ਹੋ ਸਕਦਾ ਹੈ ਕਿ ਜੀ ਉੱਠਣ ਦੇ ਬਾਅਦ ਉਹਦੇ ਜਿਸਮ ਵਿਚ ਕੁਝ ਬਦਲਾਅ ਆਏ ਹੋਣ।[12] ਸ਼ਾਇਦ ਉਸ ਨੂੰ ਇਸ ਕਰਕੇ ਪਤਾ ਨਹੀਂ ਲੱਗਾ ਕਿਉਂਕਿ ਉਸ ਨੂੰ ਉਸ ਦੇ ਬਾਗ ਵਿਚ ਖਲੋਤੇ ਹੋਣ ਦੀ ਉਮੀਦ ਹੀ ਨਹੀਂ ਹੋਵੇਗੀ।[13]

''ਯਿਸੂ ਨੇ ਉਸ ਨੂੰ ਕਿਹਾ, ਹੇ ਬੀਬੀ ਤੂੰ ਕਿਉਂ ਰੋਂਦੀ ਹੈਂ? ਕਿਹ ਨੂੰ ਭਾਲਦੀ ਹੈਂ? ਉਸ ਨੇ ਇਹ ਜਾਣ ਕੇ ਜੋ ਇਹ ਬਾਗਵਾਨ ਹੈ ਉਹ ਨੂੰ ਆਖਿਆ,[14] ਮਹਾਰਾਜ ਜੇ ਉਹ ਨੂੰ ਤੂੰ ਲੈ ਗਿਆ ਹੈਂ ਤਾਂ ਮੈਨੂੰ ਦੱਸ ਭਈ ਤੈਂ ਉਹ ਨੂੰ ਕਿੱਥੇ ਰੱਖਿਆ ਹੈ ਅਤੇ ਮੈਂ ਉਹ ਨੂੰ ਲੈ ਜਾਵਾਂਗੀ'' (ਯੂਹੰਨਾ 20:15)। ਦੂਜੇ ਸ਼ਬਦਾਂ ਵਿਚ, ਉਹ ਆਖ ਰਹੀ ਸੀ, ''ਮੈਂ ਉਸ ਨੂੰ ਸ਼ਾਨ ਨਾਲ ਦਫ਼ਨਾਉਣਾ ਚਾਹੁੰਦੀ ਹਾਂ।'' ਉਸ ਨੇ ਮਸੀਹ ਦੇ ਹੋਰ ਦੋਸਤਾਂ ਦੀ ਮਦਦ ਲੈਣ ਦੀ ਯੋਜਨਾ ਬਣਾਈ ਹੋਵੇਗੀ।

ਯਿਸੂ ਨੇ ''ਮਰੀਅਮ'' ਨੂੰ ਉਹਦਾ ਨਾਂਅ ਲੈ ਕੇ ਸੱਦਣ ਨਾਲ ਉਸ ਦੀ ਉਲਝਣ ਦੂਰ ਕਰ ਦਿੱਤੀ (ਯੂਹੰਨਾ 20:16ੳ)। ਉਹ ਦੇ ਮੂੰਹੋਂ ਆਪਣਾ ਨਾਂਅ ਸੁਣ ਕੇ ਅਖ਼ੀਰ ਉਸ ਨੂੰ ਪਤਾ ਲੱਗ ਗਿਆ ਕਿ

ਉਹ ਕੌਣ ਹੈ। ਉਤੇਜਨਾ ਵਿਚ ਉਸ ਵੱਲ ਨੂੰ ਮੁੜਦਿਆਂ ਉਸ ਨੇ ''ਇਬਰਾਨੀ ਭਾਖਿਆ ਵਿਚ ਕਿਹਾ, ਹੇ ਰੱਬੋਨੀ! ਅਰਥਾਤ ਗੁਰੂ'' (ਯੂਹੰਨਾ 20:16ਅ)।

ਸ਼ਾਇਦ ਉੱਥੇ ਹੀ, ਬਾਅਦ ਵਿਚ ਦੂਜਿਆਂ ਔਰਤਾਂ ਵਾਂਗ, ਉਸ ਨੇ ਉਸ ਦੇ ਕਦਮੀ ਡਿੱਗ ਕੇ ''ਉਹਦੇ ਚਰਨ ਫੜੇ'' (ਮੱਤੀ 28:9)। ਜ਼ਾਹਿਰ ਹੈ ਕਿ ਉਸ ਨੇ ਯਿਸੂ ਨੂੰ ਇਵੇਂ ਫੜਿਆ ਜਿਵੇਂ ਉਹ ਕਹਿ ਰਹੀ ਹੋਵੇ, ''ਮੈਂ ਦੋਬਾਰਾ ਤੁਹਾਨੂੰ ਜਾਣ ਨਹੀਂ ਦਿਆਂਗੀ!'' ਮਸੀਹ ਨੇ ਉਸ ਨੂੰ ਆਖਿਆ, ''ਮੈਨੂੰ ਨਾ ਛੂਹ[15] ਕਿਉਂ ਜੋ ਮੈਂ ਅਜੇ ਪਿਤਾ ਦੇ ਕੋਲ ਉੱਪਰ ਨਹੀਂ ਗਿਆ ਹਾਂ''[16] (ਯੂਹੰਨਾ 20:17ੳ)। ਪ੍ਰਭੂ ਉਸ ਨੂੰ ਯਕੀਨ ਦੁਆ ਰਿਹਾ ਹੋਵੇਗਾ ਕਿ ਉਹ ਅਗਲੇ ਕੁਝ ਹਫ਼ਤਿਆਂ ਦੌਰਾਨ ਫਿਰ ਉਸ ਨੂੰ ਵੇਖੇਗੀ ਅਤੇ ਉਸ ਨੂੰ ਛੂਹਣ ਦੀ ਲੋੜ ਨਹੀਂ ਸੀ। ਉਹ ਉਸ ਨੂੰ ਇਹ ਵੀ ਸਮਝਾ ਰਿਹਾ ਹੋਵੇਗਾ ਕਿ ਸਮਾਂ ਆਉਣ ਤੇ ਉਸ ਨੂੰ ਕਿਸੇ ਵੀ ਤਰ੍ਹਾਂ ਨਾਲ ਫੜ੍ਹ ਕੇ ਪਿਤਾ ਕੋਲ ਉੱਪਰ ਜਾਣ ਤੋਂ ਨਹੀਂ ਰੋਕਿਆ ਜਾ ਸਕੇਗਾ।[17]

ਉਸ ਨੇ ਉਸ ਨੂੰ ਇਹ ਹੁਕਮ ਦਿੱਤਾ: ''ਮੇਰੇ ਭਰਾਵਾਂ ਕੋਲ ਜਾਹ[18] ਅਤੇ ਉਨ੍ਹਾਂ ਨੂੰ ਆਖ ਭਈ ਮੈਂ ਉੱਪਰ ਆਪਣੇ ਪਿਤਾ ਅਰ ਤੁਹਾਡੇ ਪਿਤਾ ਕੋਲ ਅਤੇ ਆਪਣੇ ਪਰਮੇਸ਼ੁਰ ਅਤੇ ਤੁਹਾਡੇ ਪਰਮੇਸ਼ੁਰ ਕੋਲ ਜਾਂਦਾ ਹਾਂ''[19] (ਯੂਹੰਨਾ 20:17ਅ)। ਉਸ ਨੇ ਉਸ ਨੂੰ ਉਨ੍ਹਾਂ ਨੂੰ ਇਹ ਦੱਸਣ ਲਈ ਨਹੀਂ ਕਿਹਾ ਕਿ ਉਹ ਜ਼ਿੰਦਾ ਹੈ (ਉਸ ਨੂੰ ਇਹ ਪਤਾ ਸੀ ਕਿ ਉਹ ਇਹ ਗੱਲ ਉਨ੍ਹਾਂ ਨੂੰ ਦੱਸ ਦੇਵੇਗਾ [ਯੂਹੰਨਾ 20:18]); ਬਸ ਉਸ ਨੇ ਉਨ੍ਹਾਂ ਨੂੰ ਇਹ ਦੱਸਣ ਲਈ ਆਖਿਆ ਕਿ ਉਹ ਆਪਣੇ ਪਿਤਾ ਕੋਲ ਉੱਪਰ ਜਾਣ ਲਈ ਤਿਆਰ ਹੈ। ਸ਼ਾਇਦ ਉਹ ਇਨ੍ਹਾਂ ਸ਼ਬਦਾਂ ਨਾਲ ਆਪਣੇ ਸੰਦੇਸ਼ ਦੀ ਪਕਿਆਈ ਦੇ ਰੂਪ ਵਿਚ ਕੰਮ ਕਰਵਾਉਣਾ ਚਾਹੁੰਦਾ ਸੀ, ਕਿਉਂਕਿ ਰਸੂਲਾਂ ਨੂੰ ਆਖ਼ਰੀ ਸੰਦੇਸ਼ ਦੇ ਦੌਰਾਨ ਪਿਤਾ ਕੋਲ ਉਸ ਦੀ ਵਾਪਸੀ ਦਾ ਇਕ ਵੱਡਾ ਵਿਸ਼ਾ ਸੀ (ਯੂਹੰਨਾ 14:2–4, 12, 28; 16:5, 7, 10, 28)।

ਅਨੰਦ ਨਾਲ ਭਰੇ, ''ਉਸ ਨੇ ਜਾ ਕੇ ਉਹ ਦੇ ਸਾਥੀਆਂ ਨੂੰ ਜਿਹੜੇ ਸੋਗ ਕਰਦੇ ਅਤੇ ਰੋਂਦੇ ਸਨ ਖਬਰ ਦਿੱਤੀ'' (ਮਰਕੁਸ 16:10; ਵੇਖੋ ਲੂਕਾ 24:10[20])। ਮੈਂ ਉਸ ਨੂੰ ਉਨ੍ਹਾਂ ਨੂੰ ''ਮੈਂ ਪ੍ਰਭੂ ਨੂੰ ਵੇਖਿਆ ਹੈ'' ਦੱਸਦਿਆਂ ਉਸ ਦੀ ਅਵਾਜ਼ ਵਿਚ ਉੱਤੇਜਨਾ, ਅਤੇ ਜੋ ਕੁਝ ਉਸ ਨੇ ਉਸ ਨੂੰ ਕਿਹਾ ਸੀ, ਉਸ ਨੂੰ ਦੁਹਰਾਉਂਦਿਆਂ (ਯੂਹੰਨਾ 20:18) ਸੁਣ ਸਕਦਾ ਹਾਂ। ਪਰ ਉਨ੍ਹਾਂ ਨੇ ਉਸ ਦਾ ਯਕੀਨ ਕਰਨ ਤੋਂ ਇਨਕਾਰ ਕਰ ਦਿੱਤਾ (ਮਰਕੁਸ 16:11)।

## ਰਾਹ ਵਿਚ
## (ਮੱਤੀ 28:9-11ੳ)

ਮਸੀਹ ਦਾ ਦੂਜਾ ਦਰਸ਼ਨ ''ਚਲੀਆਂ ਜਾਂਦੀਆਂ'' ਦੂਜੀਆਂ ਔਰਤਾਂ ਨੂੰ ਦਿੱਤਾ ਗਿਆ (ਮੱਤੀ 28:11)। ਸਾਡੇ ਪਿੱਛਲੇ ਪਾਠ ਦੇ ਅਖ਼ੀਰ ਵਿਚ, ਔਰਤਾਂ ਨੇ ਬੜੇ ਅਨੰਦ ਨਾਲ ਕਬਰ ਤੋਂ ਨਸ ਕੇ ਯਿਸੂ ਦੇ ਚੇਲਿਆਂ ਨੂੰ ਫ਼ਰਿਸ਼ਤੇ ਦੀਆਂ ਗੱਲਾਂ ਦੱਸੀਆਂ ਸਨ (ਮੱਤੀ 28:8; ਵੇਖੋ ਲੂਕਾ 24:9, 10, 22, 23)। ਪਰ ਚੇਲਿਆਂ ਨੂੰ ਉਨ੍ਹਾਂ ਦੀਆਂ ਗੱਲਾਂ ''ਕਹਾਣੀਆਂ ਜਹੀਆਂ ਮਲੂਮ ਹੋਈਆਂ'' ਸਨ (ਲੂਕਾ 24:11)।

ਚੇਲਿਆਂ ਕੋਲ ਜਾਂਦਿਆਂ ਜਾਂ ਉਨ੍ਹਾਂ ਕੋਲੋਂ ਆਉਂਦਿਆਂ,[21] ''ਯਿਸੂ [ਔਰਤਾਂ ਨੂੰ] ਮਿਲਿਆ, ਅਰ ਬੋਲਿਆ ਸੁਖੀ ਰਹੋ'' (ਮੱਤੀ 28:9ੳ)। ਉਹ ਉਸ ਦੇ ਸਾਹਮਣੇ ਡਿੱਗ ਪਈਆਂ ''ਉਨ੍ਹਾਂ ਨੇ ਕੋਲ ਆਣ ਕੇ ਉਹ ਦੇ ਚਰਨ ਫੜੇ ਅਤੇ ਉਸ ਨੂੰ ਮੱਥਾ ਟੇਕਿਆ'' (ਮੱਤੀ 28:9ਅ)। ਯਿਸੂ ਨੇ ਉਨ੍ਹਾਂ ਨੂੰ ਕਿਹਾ ''ਡਰੋ ਨਾ'' (ਮੱਤੀ 28:10ੳ)। ਫਿਰ ਉਸ ਨੇ ਗਲੀਲ ਵਿਚ ਆਪਣੇ ਭਾਈਆਂ ਦੇ ਮਿਲਣ ਦੀ ਗੱਲ ਵਿਚ ਫ਼ਰਿਸ਼ਤੇ ਦੀ ਗੱਲ ਦੁਹਰਾਈ (ਮੱਤੀ 28:10ਅ)।[22]

## ਸ਼ਹਿਰ ਵਿਚ
## (ਮੱਤੀ 28:11-15)

ਔਰਤਾਂ ਨੂੰ ਮਸੀਹ ਦੇ ਵਿਖਾਈ ਦੇਣ ਵੇਲੇ ''ਪਹਿਰੇ ਵਾਲਿਆਂ [ਜਿਹੜੇ ਕਬਰ ਦੀ ਰਾਖੀ ਕਰ ਰਹੇ ਸਨ] ਵਿੱਚੋਂ ਕਿਨਿਆਂ ਨੇ ਸ਼ਹਿਰ ਜਾਕੇ ਸਾਰੀ ਵਾਰਤਾ ਪ੍ਰਧਾਨ ਜਾਜਕਾਂ ਨੂੰ ਦੱਸ ਦਿੱਤੀ'' (ਮੱਤੀ 28:11ਅ)।[23] ਮੈਂ ਸ਼ਿਕਾਇਤ ਦੀਆਂ ਗੱਲਾਂ ਸੁਣਨ ਦੀ ਕਲਪਨਾ ਕਰ ਸਕਦਾ ਹਾਂ, ''ਓਏ, ਸਾਨੂੰ ਭੁਚਾਲ, ਫ਼ਰਿਸ਼ਤਿਆਂ ਅਤੇ ਗਾਇਬ ਹੋਈ ਲਾਸ਼ ਬਾਰੇ ਕਿਸੇ ਨੇ ਖ਼ਬਰਦਾਰ ਨਹੀਂ ਕੀਤਾ!''

ਸਾਨੂੰ ਲਗ ਸਕਦਾ ਹੈ ਕਿ ਯਕੀਨਨ ਹੀ ਹੁਣ ਯਹੂਦੀ ਆਗੂ ਯਿਸੂ ਦੇ ਮਸੀਹਾ ਹੋਣ ਦੇ ਦਾਅਵੇ ਤੇ ਸੰਜੀਦਗੀ ਨਾਲ ਵਿਚਾਰ ਕਰਨਗੇ। ਇਸ ਦੇ ਉਲਟ ਉਨ੍ਹਾਂ ਦੀ ਇੱਕੋ ਇਕ ਦਿਲਚਸਪੀ (ਆਧੁਨਿਕ ਵਾਕ ਦੀ ਵਰਤੋਂ ਕਰੀਏ ਤਾਂ) ''ਡੈਮੇਜ ਕੰਟਰੋਲ'' ਭਾਵ ਨੁਕਸਾਨ ਤੋਂ ਬਚਾਉਣਾ ਸੀ (ਮੱਤੀ 27:65)। ਕਬਰ ਨੂੰ ਸੁਰੱਖਿਅਤ ਰੱਖਣ ਦੀ ਅਣਥੱਕ ਕੋਸ਼ਿਸ਼ਾਂ ਦੇ ਬਾਵਜੂਦ ਇਹ ਹੁਣ ਖਾਲੀ ਸੀ। ਇਸ ਤੱਥ ਲਈ ਕਿ ਯਿਸੂ ਦੀ ਲਾਸ਼ ਉੱਥੇ ਨਹੀਂ ਸੀ ਉਨ੍ਹਾਂ ਕੋਲ ਕੀ ਸਫ਼ਾਈ ਹੋ ਸਕਦੀ ਸੀ?[24]

ਅਖ਼ੀਰ ਵਿਚ ਉਨ੍ਹਾਂ ਨੇ ਅਫ਼ਵਾਹ ਉਡਾਉਣ ਦਾ ਫੈਸਲਾ ਕੀਤਾ ਕਿ ਯਿਸੂ ਦੇ ਚੇਲੇ ਉਹਦੀ ਲਾਸ਼ ਨੂੰ ਚੁਰਾ ਕੇ ਲੈ ਗਏ ਹਨ। ਪ੍ਰਧਾਨ ਯਾਜਕਾਂ ਅਤੇ ਬਜ਼ੁਰਗਾਂ ਨੇ ''ਮਤਾ ਪਕਾ ਕੇ ਸਿਪਾਹੀਆਂ ਨੂੰ ਬਹੁਤ ਰੁਪਏ ਦਿੱਤੇ। ਅਤੇ ਬੋਲੇ, ਤੁਸੀਂ ਇਹ ਕਹਿਣਾ ਕਿ ਜਦ ਅਸੀਂ ਸੁੱਤੇ ਹੋਏ ਸਾਂ ਉਹ ਦੇ ਚੇਲੇ ਰਾਤ ਨੂੰ ਆਣ ਕੇ ਉਹ ਨੂੰ ਚੁਰਾ ਲੈ ਗਏ'' (ਮੱਤੀ 28:12, 13)। ਇਹ ਕਹਾਣੀ ਉਸ ਵਕਤ ਵੀ ਬੇਤੁਕੀ ਸੀ ਅਤੇ ਅੱਜ ਵੀ ਬੇਤੁਕੀ ਹੀ ਹੈ। ਰਾਬਰਟ ਥਾਮਸ ਅਤੇ ਸਟੇਨਲੀ ਗੁੰਡਰੀ ਦੀ ਵਿਆਖਿਆ ਹੈ:

> ਮਹਾਂਸਭਾ ਵੱਲੋਂ ਬਣਾਈ ਗਈ ਕਹਾਣੀ ਦੇ ਬੇਤੁਕੇਪਨ ... ਤੋਂ ਉਸ ਨਿਰਾਸ਼ਾ ਦਾ ਪਤਾ ਲਗਦਾ ਹੈ ਜਿਹੜੀ ਹਾਲ ਹੀ ਦੀਆਂ ਘਟਨਾਵਾਂ ਨਾਲ ਉਨ੍ਹਾਂ ਵਿਚ ਆਈ ਸੀ। ਯਕੀਨਨ ਹੀ ਚੇਲਿਆਂ ਵੱਲੋਂ ਕਬਰ ਤੋਂ ਪੱਥਰ ਹਟਾਉਣ ਨਾਲ ਐਨਾ ਰੌਲਾ ਤਾਂ ਪੈਣਾ ਹੀ ਸੀ ਕਿ ਘੱਟੋ ਘੱਟ ਇਕ ਸਿਪਾਹੀ ਨੂੰ ਜ਼ਰੂਰ ਪਤਾ ਲੱਗ ਜਾਂਦਾ। ਇਸਦੇ ਇਲਾਵਾ ਜੇ ਸਿਪਾਹੀ ਸੌਂ ਰਹੇ ਸਨ ਤਾਂ ਉਨ੍ਹਾਂ ਨੂੰ ਇਹ ਪਤਾ ਕਿਵੇਂ ਲੱਗਾ ਕਿ ਲਾਸ਼ ਚੇਲਿਆਂ ਨੇ ਹੀ ਚੋਰੀ ਕੀਤੀ ਸੀ?[25]

ਸਿਪਾਹੀਆਂ ਨੇ ਯਹੂਦੀ ਅਧਿਕਾਰੀਆਂ ਨੂੰ ਇਹ ਯਾਦ ਦੁਆਇਆ ਹੋਵੇਗਾ ਕਿ ਡਿਊਟੀ ਤੇ ਸੌਣਾ ਉਨਾਂ ਲਈ ਮੌਤ ਦੀ ਸਜ਼ਾ ਦਾ ਕਾਰਣ ਬਣ ਸਕਦਾ ਹੈ (ਵੇਖੋ ਰਸੂਲਾਂ ਦੇ ਕੰਮ 12:18, 19; 16:27)। ਪਰ ਆਗੂਆਂ ਨੇ ਉਨ੍ਹਾਂ ਨੂੰ ਯਕੀਨ ਦੁਆਇਆ ਕਿ ''ਅਤੇ ਜੇ ਇਹ ਗੱਲ ਹਾਕਮ ਦੇ ਕੰਨਾਂ ਤੀਕਰ ਪਹੁੰਚੇ ਤਾਂ ਅਸੀਂ ਉਹ ਨੂੰ ਮਨਾ ਕੇ ਤੁਹਾਨੂੰ ਨਿਸ਼ਚਿੰਤ ਕਰ ਦਿਆਂਗੇ'' (ਮੱਤੀ 28:14)।

ਦਿਲੇਰੀ ਪਾ ਕੇ ਸਿਪਾਹੀਆਂ ਨੇ ''ਰੁਪਏ ਲੈਕੇ ਉਸੇ ਤਰ੍ਹਾਂ ਕੀਤਾ ਜਿਸ ਤਰ੍ਹਾਂ ਸਿਖਲਾਏ ਗਏ ਸਨ'' (ਆਇਤ 15ੳ)। ''ਸਬਕ ਛੋਟਾ ਅਤੇ ਅਸਾਨ ਸੀ; ਇਨਾਮ ਵੱਡਾ ਅਤੇ ਮਨਪਸੰਦ ਸੀ।''[26] ਰਿਚਰਡ ਰੋਜ਼ਰਸ ਨੇ ਲਿਖਿਆ ਹੈ ਕਿ ''ਉਹੀ ਝੂਠ ਅੱਜ ਲੋਕਾਂ ਨੂੰ ਮੁਫ਼ਤ ਦੱਸਿਆ ਜਾਂਦਾ [ਹੈ]।''[27]

ਮੱਤੀ ਨੇ ਇਸ ਵਿਚ ਜੋੜਿਆ ਹੈ, ''ਇਹ ਗੱਲ ਅੱਜ ਤਕ ਯਹੂਦੀਆਂ ਵਿਚ ਉਜਾਗਰ ਹੈ'' (ਆਇਤ 15ਅ), ਜੋ 60 ਦੇ ਦਹਾਕੇ ਦੇ ਸ਼ੁਰੂਆਤ ਦੀ ਗੱਲ ਹੋਵੇਗੀ। ''ਟਰਾਏਪੋ ਨਾਲ ਆਪਣੀ ਗੱਲਬਾਤ ਵਿਚ, ਜੋ 170 ਈਸਵੀ ਦੇ ਕਰੀਬ ਲਿਖੀ ਗਈ, ਜਸਟਿਨ ਮਾਰਟਿਰ ਕਹਿੰਦਾ ਹੈ ਕਿ ਯਹੂਦੀਆਂ ਨੇ ਹਰ ਦੇਸ਼ ਵਿਚ ਖ਼ਾਸ ਦੂਤਾਂ ਦੇ ਰਾਹੀਂ ਇਹ ਕਹਾਣੀ ਫੈਲਾ ਦਿੱਤੀ।''[28]

ਖਾਲੀ ਕਬਰ ''ਦੀ ਸਫ਼ਾਈ'' ਦੇਣ ਦਾ ਇਹ ਪਹਿਲਾ ਉਪਰਾਲਾ ਹੈ। ''ਵੀਹ ਸਦੀਆਂ ਤੋਂ ਖਾਲੀ ਕਬਰ ਦਾ ਕਾਰਣ ਦੱਸਣ ਦੀਆਂ ਕੋਸ਼ਿਸ਼ਾਂ ਕੀਤੀਆਂ ਜਾ ਰਹੀਆਂ ਸਨ, ਜੋ ਪਹਿਲਾਂ ਕੀਤੀਆਂ ਗਈਆਂ ਕੋਸ਼ਿਸ਼ਾਂ ਵਾਂਗ ਹੀ ਫ਼ਜ਼ੂਲ ਹਨ। (ਖਾਲੀ ਕਬਰ ਲਈ) ਇੱਕੋ ਇਕ ਵਿਆਖਿਆ ਇਹ ਹੈ ਕਿ ਖ਼ੁਦਾ ਨੇ ਯਿਸੂ ਨੂੰ ਮੁਰਦਿਆਂ ਵਿੱਚੋਂ ਜ਼ਿੰਦਾ ਕਰ ਦਿੱਤਾ।''[29]

## ਇਕ ਅਗਿਆਤ ਥਾਂ
## (1 ਕੁਰਿੰਥੀਆਂ 15:5ੳ; ਵੇਖੋ ਲੂਕਾ 24:34)

ਇਸ ਦੇ ਬਾਅਦ ਯਿਸੂ ਨੇ ਪਤਰਸ ਨੂੰ ਵਿਖਾਈ ਦਿੱਤਾ ਹੋਵੇਗਾ, ਜੋ ਅਜੇ ਵੀ ਕਬਰ ਤੇ ਵੇਖੇ ਗਏ ਨਜ਼ਾਰੇ ਤੋਂ ਹੈਰਾਨ ਸੀ (ਲੂਕਾ 24:12)। ਮਸੀਹ ਦੇ ਜੀ ਉੱਠਣ ਦੇ ਦਰਸ਼ਨਾਂ ਦੀ ਸੂਚੀ ਦਿੰਦੀਆਂ ਪੌਲੁਸ ਨੇ ਪਹਿਲਾਂ ਇਹੀ ਕਿਹਾ ਕਿ ''ਕੇਫ਼ਾਸ ਨੂੰ ... ਦਰਸ਼ਨ ਦਿੱਤਾ'' (1 ਕੁਰਿੰਥੀਆਂ 15:5ੳ)। ਇਸ ਅਧਿਐਨ ਦੇ ਅਗਲੇ ਭਾਗ ਵਿਚ ਅਸੀਂ ਚੇਲਿਆਂ ਨੂੰ ਇਹ ਕਹਿੰਦਿਆਂ ਵੇਖਾਂਗੇ ਕਿ ''ਪ੍ਰਭੂ ਸੱਚੀ ਮੁੱਚੀ ਜੀ ਉੱਠਿਆ ਅਰ ਸ਼ਮਊਨ ਨੂੰ ਵਿਖਾਈ ਦਿੱਤਾ'' (ਲੂਕਾ 24:34)। ਪਰ ਇਸ ਦਰਸ਼ਨ ਦੇ ਵੇਰਵੇ ਪਤਾ ਨਹੀਂ ਹਨ। ''ਇਹ ਬਾਈਬਲ ਦੀਆਂ ਮਹਾਨ ਅਣ ਕਹੀਆਂ ਕਹਾਣੀਆਂ ਵਿੱਚੋਂ ਇਕ ਹੈ: ਉਸ ਦਾ ਉਸ ਨੂੰ ਖ਼ਾਸ ਦਰਸ਼ਨ ਜਿਸ ਨੇ ਉਸ ਦਾ ਇਨਕਾਰ ਕੀਤਾ ਸੀ!''[30] ਜੌਨ ਕਾਰਟਰ ਨੇ ਲਿਖਿਆ ਹੈ:

> ਜੇ ਸ਼ਮਊਨ ਪਤਰਸ ਨੇ ਕਿਸੇ ਨੂੰ ਦੱਸਿਆ ਹੋਵੇ ਕਿ ਜੀ ਉੱਠੇ ਪ੍ਰਭੂ ਨੂੰ ਉੱਥੇ ਮਿਲਣ ਤੇ ਕੀ ਹੋਇਆ, ... ਤਾਂ ਉਹ ਲਿਖਿਆ ਨਹੀਂ ਗਿਆ। ਉਸਦੇ ਲਈ ਇਹ ਅਨੁਭਵ ਸ਼ਾਇਦ ਐਨਾ ਪੇਚੀਦਾ ਸੀ ਕਿ ਕਿਸੇ ਨੂੰ ਦੱਸਿਆ ਨਹੀਂ ਜਾ ਸਕਦਾ ਸੀ ਅਤੇ ਜੇ ਉਸ ਮੁਲਾਕਾਤ ਦੇ ਆਲੇ ਦੁਆਲੇ ਪੜਦਾ ਡਿੱਗਿਆ ਹੈ ਤਾਂ ਅਸੀਂ ਉਸ ਨੂੰ ਨਾ ਹੀ ਚੁੱਕੀਏ ਤਾਂ ਚੰਗਾ ਰਹੇਗਾ। ਪਰ ਮੈਨੂੰ ਹੈਰਾਨੀ ਹੈ ਕਿ ਪਸ਼ਚਾਤਾਪੀ ਚੇਲੇ ਨੂੰ ਰਸੂਲਾਂ ਵਿਚ ਫੇਰ ਤੋਂ ਆਪਣੀ ਥਾਂ ਲੈਣ ਅਤੇ ਉੱਥੇ ਜਾਣ ਲਈ ਕਿਵੇਂ ਕਿਹਾ ਜਿੱਥੇ ਉਹ ਰੁਕੇ ਹੋਏ ਸਨ। ਕੁਝ ਦੇਰ ਬਾਅਦ ਯਿਸੂ ਵੱਲੋਂ ਉਨ੍ਹਾਂ ਉੱਤੇ ਪਰਗਟ ਹੋਣ ਦੇ ਵੇਲੇ ਲਗਦਾ ਹੈ ਕਿ ਉਹ ਉੱਥੇ ਹੀ ਸੀ।[31]

## ਰਾਹ ਵਿਚ
## (ਮਰਕੁਸ 16:12, 13; ਲੂਕਾ 24:13-35)

ਜੀ ਉੱਠਣ ਦਾ ਘੱਟੋ ਘੱਟ ਇਕ ਹੋਰ ਦਰਸ਼ਨ ਯਿਸੂ ਦੇ ਮੁਰਦਿਆਂ ਵਿੱਚੋਂ ਜੀ ਉੱਠਣ ਵਾਲੇ ਦਿਨ ਹੋਇਆ।[32] ਉਹ ਦੋ ਚੇਲਿਆਂ ਨੂੰ ਵਿਖਾਈ ਦਿੱਤਾ ਜਿਹੜੇ ਉਸੇ ਦਿਨ [ਜਿਸ ਦਿਨ ਔਰਤਾਂ ਕਬਰ ਤੇ ਗਈਆਂ ਸਨ; ਲੂਕਾ 24:1], ''ਤਾਂ ਵੇਖੋ ਓਸੇ ਦਿਨ ਉਨ੍ਹਾਂ ਵਿੱਚੋਂ ਦੋ ਜਣੇ ਇੰਮਾਊਸ ਨਾਉਂ ਦੇ ਇਕ ਪਿੰਡ ਨੂੰ ਜਾਂਦੇ ਸਨ ਜਿਹੜਾ ਯਰੂਸ਼ਲਮ ਤੋਂ ਪੰਜ ਕੋਹ ਵਾਟ ਤੇ ਹੈ''[33] (ਲੂਕਾ 24:13; ਵੇਖੋ ਮਰਕੁਸ 16:12)। ਇਕ ਚੇਲੇ ਦਾ ਨਾਂਅ ਕਲਿਉਪਸ ਸੀ (ਲੂਕਾ 24:18); ਜਦ ਕਿ ਦੂਜੇ ਚੇਲੇ ਦੀ ਪਛਾਣ ਨਹੀਂ ਦਿੱਤੀ ਗਈ।[34] ਇਨ੍ਹਾਂ ਦੋਹਾਂ ਨੂੰ ਦਿੱਤੇ ਗਏ ਮਸੀਹ ਦੇ ਦਰਸ਼ਨ ਦਾ ਵੇਰਵਾ ਦੂਜਿਆਂ ਨੂੰ ਦਿੱਤੇ ਗਏ ਦਰਸ਼ਨਾਂ ਨਾਲੋਂ ਵੱਧ ਵਿਸਤਾਰ ਵਿਚ ਹੈ।

ਲੂਕਾ 24 ਸਾਨੂੰ ਦਸਦਾ ਹੈ ਕਿ ਕਲਿਉਪਸ ਅਤੇ ਉਸ ਦਾ ਸਾਥੀ ਯਰੂਸ਼ਲਮ ਵਿਚ ਹੋਈਆਂ ਘਟਨਾਵਾਂ ਦੀਆਂ ਗੱਲਾਂ ਕਰਦੇ ਸਨ (ਆਇਤ 14)। ਮਸੀਹ ਉਨ੍ਹਾਂ ਦੇ ਨਾਲ ਨਾਲ ਚੱਲਣ ਲੱਗਾ (ਆਇਤ 15), ''ਪਰ ਉਨ੍ਹਾਂ ਦੇ ਨੇਤਰ ਬੰਦ ਕੀਤੇ ਗਏ ਸਨ ਭਈ ਉਹ ਨੂੰ ਨਾ ਸਿਆਣਨ'' (ਆਇਤ 16)। ਹੋ ਸਕਦਾ ਹੈ ਕਿ ਖ਼ੁਦਾ ਨੇ ਉਨ੍ਹਾਂ ਨੂੰ ਯਿਸੂ ਨੂੰ ਪਛਾਣਨ ਤੋਂ ਰੋਕ ਰੱਖਿਆ ਹੋਵੇ; ਜਾਂ ਕੀ ਪਤਾ ਉਦਾਸੀ ਕਰਕੇ ਉਨ੍ਹਾਂ ਦੀਆਂ ਅੱਖਾਂ ਬੰਦ ਹੋਈਆਂ ਹੋਣ (ਆਇਤ 17ਅ)।

ਮਸੀਹ ਨੇ ਪੁੱਛਿਆ ਕਿ ਉਹ ਕੀ ਗੱਲਾਂ ਕਰ ਰਹੇ ਹਨ (ਆਇਤ 17ੳ)। ਕਲਿਉਪਸ ਨੇ ਖਾਲੀ ਕਬਰ ਵੇਖ ਕੇ ਆਉਣ ਵਾਲਿਆਂ ਦੀਆਂ ਗੱਲਾਂ (ਆਇਤਾਂ 22–24), ਅਤੇ ਪਿਛਲੇ ਤਿੰਨ ਦਿਨਾਂ ਵਿਚ ਯਰੂਸ਼ਲਮ ਵਿਚ ਹੋਈਆਂ ਗੱਲਾਂ ਦਾ ਹਾਲ ਸੁਣਾ ਦਿੱਤਾ (ਆਇਤਾਂ 18–20)।[35] ਇਹ ਆਖਦਿਆਂ ਕਿ ''ਪਰ ਸਾਨੂੰ ਇਹ ਆਸ ਸੀ ਭਈ ਇਹ ਉਹੋ ਹੈ ਜੋ ਇਸਰਾਏਲ ਦਾ ਨਿਸਤਾਰਾ ਕਰੇ ਅਰ ਇਨ੍ਹਾਂ ਸਭਨਾਂ ਗੱਲਾਂ ਤੋਂ ਬਾਝ ਐਸ ਮਾਜਰੇ ਬੀਤੇ ਨੂੰ ਅੱਜ ਤੀਆ ਦਿਨ ਹੋ ਗਿਆ ਹੈ'' (ਆਇਤ 21) ਉਸ ਦਾ ਗਲ ਭਰ ਆਇਆ ਹੋਵੇਗਾ। ਜਦ ਮੈਂ ਅਤੇ ਤੁਸੀਂ ''ਤੀਜਾ ਦਿਨ'' ਆਖਦੇ ਹਾਂ ਤਾਂ ਅਸੀਂ

ਯਿਸੂ ਦੇ ਉਸ ਵਾਅਦੇ ਦੀ ਗੱਲ ਕਰ ਰਹੇ ਹੁੰਦੇ ਹਾਂ ਕਿ ਉਹ ''ਤੀਏ ਦਿਨ ਜੀ ਉੱਠੇਗਾ'' (ਮੱਤੀ 17:23)। ਕਲਿਉਪਸ ਦੇ ਕਹਿਣ ਤੋਂ ਭਾਵ ਐਨਾਂ ਹੀ ਸੀ ਕਿ ''ਕਾਫ਼ੀ ਸਮਾਂ ਲੰਘ ਗਿਆ ਹੈ ਅਤੇ ਹੁਣ ਸਾਨੂੰ ਉਮੀਦ ਵੀ ਨਹੀਂ ਰਹੀ ਹੈ!''

ਯਿਸੂ ਨੇ ਜਵਾਬ ਦਿੱਤਾ, ''ਤਾਂ ਉਸ ਨੇ ਉਨ੍ਹਾਂ ਨੂੰ ਕਿਹਾ, ਹੇ ਬੇਸਮਝੋ ਅਰ ਨਬੀਆਂ ਦਿਆਂ ਸਾਰਿਆਂ ਵਚਨਾਂ ਉੱਤੇ ਪਰਤੀਤ ਕਰਨ ਵਿਚ ਢਿੱਲਿਓ! ਕੀ ਮਸੀਹ ਨੂੰ ਜ਼ਰੂਰੀ ਨਾ ਸੀ ਜੋ ਇਹ ਕਸ਼ਟ ਭੋਗ ਕੇ ਆਪਣੇ ਤੇਜ ਵਿਚ ਪਰਵੇਸ਼ ਕਰੇ?'' (ਲੂਕਾ 24:25, 26)। ਉਨ੍ਹਾਂ ਨੂੰ ਇਹ ਸਮਝ ਹੋਣੀ ਚਾਹੀਦੀ ਸੀ ਕਿ ਯੋਜਨਾ ਵਿਚ ਸਰੀਰ ਇਕ ਜ਼ਰੂਰੀ ਭਾਗ ਸੀ ਭਾਵ ਮਸੀਹ ਦੀ ਮੌਤ ਨਾਲ ਖ਼ੁਦਾ ਦੇ ਮਕਸਦ ਬੇਕਾਰ ਨਹੀਂ ਗਏ ਸਨ। ਬਲਕਿ ਅਸਲ ਵਿਚ ਉਹ ਹੋਰ ਪੁਖ਼ਤਾ ਹੋਏ ਸਨ।

''ਅਤੇ ਮੂਸਾ ਅਰ ਸਭਨਾਂ ਨਬੀਆਂ ਤੋਂ ਸ਼ੁਰੂ ਕਰ ਕੇ ਉਸ [ਯਿਸੂ] ਨੇ ਉਨ੍ਹਾਂ ਨੂੰ ਉਨ੍ਹਾਂ ਗੱਲਾਂ ਦਾ ਅਰਥ ਦੱਸਿਆ ਜਿਹੜੀਆਂ ਸਭਨਾਂ ਪੁਸਤਕਾਂ ਵਿਚ ਉਹ ਦੇ ਹੱਕ ਵਿਚ ਲਿਖੀਆਂ ਹੋਈਆਂ ਸਨ'' (ਆਇਤ 27)। ਉਸ ਨੇ ਕਲਿਉਪਸ ਅਤੇ ਉਸ ਦੇ ਸਾਥੀ ਨੂੰ ਪੁਰਾਣੇ ਨੇਮ ਦਾ ਵਿਸਤਾਰ ਨਾਲ ਅਧਿਐਨ ਕਰਵਾਇਆ। ਉਸ ਨੇ ਮਸੀਹਾ ਬਾਰੇ ਕੀਤੀਆਂ ਗਈਆਂ ਤਿੰਨ ਸੌ ਤੋਂ ਵੱਧ ਨਬੂਵਤਾਂ ਵੱਲ ਉਨ੍ਹਾਂ ਦਾ ਧਿਆਨ ਦੁਆਇਆ ਹੋਵੇਗਾ। ਬਾਅਦ ਵਿਚ ਉਨ੍ਹਾਂ ਨੈ ਆਪਣੇ ਆਪ ਵਿਚ ਸੋਚਿਆ, ''ਜਾਂ ਉਹ ਰਾਹ ਵਿਚ ਉਨ੍ਹਾਂ ਨਾਲ ਗੱਲਾਂ ਕਰਦਾ ਅਤੇ ਸਾਡੇ ਲਈ ਪੁਸਤਕਾਂ ਦਾ ਅਰਥ ਖੋਲ੍ਹਦਾ ਸੀ'' ਤਾਂ ਉਨ੍ਹਾਂ ਦੇ ਮਨ ਵਿਚ ਹੁੜਕ ਕਿਉਂ ਨਹੀਂ ਹੋਈ (ਆਇਤ 32)।

ਇੰਮਾਉਸ ਪਹੁੰਚਣ ਵੇਲੇ ਅਜੇ ਹਨੇਰਾ ਹੀ ਸੀ (ਆਇਤ 29)। ਕਲਿਉਪਸ ਅਤੇ ਉਸ ਦੇ ਸਾਥੀ ਨੇ ਯਿਸੂ ਨੂੰ ਉਨ੍ਹਾਂ ਦੇ ਨਾਲ ਰੁਕਣ ਲਈ ਕਿਹਾ (ਆਇਤਾਂ 28, 29)। ਜਦ ਉਹ ਖਾਣ ਲਈ ਬੈਠੇ ਤਾਂ ਮਸੀਹ ਨੇ ਖਾਣੇ ਲਈ ਸ਼ੁਕਰ ਕੀਤਾ (ਆਇਤ 30)। ਉਸ ਦੇ ਦੁਆ ਕਰਦਿਆਂ ਹੀ, ''ਉਨ੍ਹਾਂ ਦੇ ਨੇਤਰ ਖੁੱਲ੍ਹ ਗਏ ਅਤੇ ਉਨ੍ਹਾਂ ਉਸ ਨੂੰ ਸਿਆਣ ਲਿਆ'' (ਆਇਤ 31ੳ)। ਉਨ੍ਹਾਂ ਨੂੰ ਜਿਸ ਵੀ ਗੱਲ ਨੇ ਉਸ ਨੂੰ ਪਛਾਣਨ ਤੋਂ ਰੋਕੀ ਰੱਖਿਆ ਸੀ,[36] ਹੁਣ ਉਹ ਹਟਾ ਲਈ ਗਈ ਸੀ। ਬਾਅਦ ਵਿਚ ਉਨ੍ਹਾਂ ਨੇ ਸੰਕੇਤ ਦਿੱਤਾ ਕਿ ''ਰੋਟੀ ਤੋੜਨ ਵਿਚ ਅਸਾਂ ਉਹ ਨੂੰ ਕਿੱਕੁਰ ਸਿਆਤਾ'' (ਆਇਤ 35ਅ)। ਸ਼ਾਇਦ ਉਸਦੇ ਦੁਆ ਕਰਨ ਦੇ ਨਿਰਾਲੇ ਢੰਗ ਤੋਂ ਉਨ੍ਹਾਂ ਦੇ ਦਿਮਾਗ ਵਿਚ ਆ ਗਿਆ। ਉਨ੍ਹਾਂ ਨੇ ਉਸ ਨੂੰ ਹੁਣ ਜੀ ਉੱਠੇ ਪ੍ਰਭੂ ਦੇ ਰੂਪ ਵਿਚ ਪਛਾਣ ਲਿਆ ਸੀ! ਪਰ ਉਨ੍ਹਾਂ ਦੇ ਪਛਾਣਦਿਆਂ ਹੀ ਉਹ ਉਨ੍ਹਾਂ ਦੀਆਂ ਅੱਖਾਂ ਤੋਂ ਓਝਲ ਹੋ ਗਿਆ (ਆਇਤ 31)।

ਭਾਂਵੇ ਦੇਰ ਹੋ ਚੁੱਕੀ ਸੀ ਪਰ ਉਨ੍ਹਾਂ ਨੇ ''ਰਾਹ ਵਿਚ ਕੀ ਕੁਝ ਹੋਇਆ'' (ਆਇਤ 35ਅ) ਤੋਂ ਲੈ ਕੇ ''ਗਿਆਰਾਂ ਚੇਲਿਆਂ[37] ਅਤੇ ਉਨ੍ਹਾਂ ਦੇ ਨਾਲ ਦਿਆਂ ਨੂੰ'' (ਆਇਤ 33; ਵੇਖੋ ਮਰਕੁਸ 16:13ੳ) ਦੱਸਣ ਲਈ ਯਰੂਸ਼ਲਮ ਵਾਪਸ ਜਾਣ ਦੀ ਕਾਹਲੀ ਕੀਤੀ (ਆਇਤ 33)। ਉੱਥੇ ਪਹੁੰਚ ਕੇ ਉਨ੍ਹਾਂ ਵੇ ਵੇਖਿਆ ਕਿ ਗਰਮਾ-ਗਰਮ ਬਹਿਸ ਛਿੜੀ ਹੋਈ ਸੀ। ਕੁਝ ਆਖ ਰਹੇ ਸਨ, ''ਪ੍ਰਭੂ ਸੱਚੀ ਮੁੱਚੀ ਜੀ ਉੱਠਿਆ ਅਰ ਸ਼ਮਊਨ ਨੂੰ ਵਿਖਾਈ ਦਿੱਤਾ'' (ਲੂਕਾ 24:34), ਪਰ ਹੋਰਨਾਂ ਨੂੰ ਸ਼ੱਕ ਸੀ। ਉਨ੍ਹਾਂ ਨੇ ਕਲਿਉਪਸ ਅਤੇ ਉਸ ਦੇ ਸਾਥੀ ਵੱਲੋਂ ਆਪਣੀ ਕਹਾਣੀ ਦੱਸਣ ਤੇ ''ਇਨ੍ਹਾਂ ਦੀ ਵੀ ਪਰਤੀਤ ਨਾ ਕੀਤੀ'' (ਮਰਕੁਸ 16:13)।[38] ਪ੍ਰਭੂ ਦੇ ਚੇਲਿਆਂ ਨੂੰ ਆਪਣੇ ਵਿਸ਼ਵਾਸ ਵਿਚ ਦਿੱਕਤ ਆਉਂਦੀ ਰਹੀ (ਮਰਕੁਸ 16:14)।[39]

## ਸਾਰ

ਇਹ ਸਾਫ਼ ਹੋ ਜਾਣਾ ਚਾਹੀਦਾ ਹੈ ਕਿ ਰਸੂਲਾਂ ਨੂੰ ਯਿਸੂ ਦੇ ਮੁਰਦਿਆਂ ਵਿੱਚੋਂ ਜੀ ਉੱਠਣ ਦੀ ਉਮੀਦ ਨਹੀਂ ਸੀ ਅਤੇ ਉਸਦੇ ਜੀ ਉੱਠਣ ਬਾਅਦ ਯਕੀਨ ਕਰਨ ਵਿਚ ਬੜੀ ਜੱਦੋ ਜਹਿਦ ਕਰਨੀ ਪਈ ਸੀ। ''ਫਿਰ ਵੀ ਇਹੀ ਉਹ ਲੋਕ ਸਨ ਜਿਨ੍ਹਾਂ ਤੇ ਯਹੂਦੀਆਂ ਨੇ ਜੀ ਉੱਠਣ ਦੀ ਕਹਾਣੀ ਦੀ ਕਾਢ

ਕੱਢਣ ਦਾ ਇਲਜ਼ਾਮ ਲਾਇਆ ਸੀ!''[40] ਥੌਮਸ ਅਤੇ ਗੁੰਡਰੀ ਨੇ ਟਿੱਪਣੀ ਕੀਤੀ ਹੈ:

> ਖਾਲੀ ਕਬਰ ਸੁਣਨ ਦੇ ਬਾਵਜੂਦ ਯਿਸੂ ਦੇ ਪੈਰੋਕਾਰਾਂ ਦੀ ਉਦਾਸੀ ਅਤੇ ਨਿਰਾਸਾ ਤੋਂ ਪਤਾ ਲੱਗਦਾ ਹੈ ਕਿ ਇਹ ਗੱਲ ਕਿੰਨੀ ਹਾਸੋਹੀਣੀ ਹੈ ਕਿ ਉਨ੍ਹਾਂ ਨੇ ਯਿਸੂ ਦੇ ਜੀ ਉੱਠਣ ਦੀ ਕਹਾਣੀ ਘੜੀ। ਉਨ੍ਹਾਂ ਦੀ ਦਿਮਾਗੀ ਹਾਲਤ ਅਜਿਹੇ ਕਿਸੇ ਵੀ ਕੰਮ ਨੂੰ ਕਰਨ ਦੇ ਵਿਰੁਧ ਸੀ।[41]

''ਜੀ ਉੱਠੇ ਪ੍ਰਭੂ ਦਾ ਪਹਿਲਾ ਵੱਡਾ ਕੰਮ ਆਪਣੇ ਹੀ ਚੇਲਿਆਂ ਨੂੰ ਯਕੀਨ ਦੁਆਉਣਾ ਸੀ ਕਿ ਉਹ ਫਿਰ ਜ਼ਿੰਦਾ ਹੋ ਗਿਆ ਹੈ।''[42] ਅਗਲੇ ਪਾਠ ਵਿਚ ਅਸੀਂ ਵੇਖਾਂਗੇ ਕਿ ਯਿਸੂ ਰਸੂਲਾਂ ਨੂੰ ਸਮੂਹਕ ਤੌਰ ਤੇ ਕਈ ਵਾਰ ਵਿਖਾਈ ਦਿੱਤਾ ਅਤੇ ਅਖ਼ੀਰ ਵਿਚ ਉਨ੍ਹਾਂ ਦੇ ਵਿਸ਼ਵਾਸ ਦੀ ਕਸ਼ਮਕਸ਼ ਨੂੰ ਸੁਲਝਾ ਦਿੱਤਾ।

---

ਟਿੱਪਣੀਆਂ

[1]ਕਲਾਸ ਵਿਚ ਇਹ ਅਧਿਐਨ ਸ਼ੁਰੂ ਕਰਨ ਦਾ ਇਕ ਢੰਗ ਆਪਣੇ ਵਿਦਿਆਰਥੀਆਂ ਨੂੰ ਖ਼ੁਦਾ ਵੱਲੋਂ ਕੀਤੇ ਵਾਅਦਿਆਂ ਨੂੰ ਮੰਨਣ ਦੀ ਕੋਸ਼ਿਸ਼ ਦੀਆਂ ਉਦਾਰਣਾਂ ਦੱਸਣਾ ਹੈ। [2]ਦੋ ਭਾਗਾਂ ਵਾਲੇ ਪਾਠ ਦਾ ਇਹ ਦੂਜਾ ਭਾਗ ਹੈ। [3]ਯੂਹੰਨਾ 20:1 ਕਹਿੰਦਾ ਹੈ ਕਿ ਮਰੀਅਮ ''ਤੜਕੇ ਜਦੋਂ *ਹਨੇਰਾ ਹੀ ਸੀ* ਕਬਰ ਉੱਤੇ ਆਈ'' ਅਤੇ ਮਰਕੁਸ 16:2 ਕਹਿੰਦਾ ਹੈ ਕਿ ਔਰਤਾਂ ''ਬਹੁਤ ਤੜਕੇ ... ਕਬਰ ਉੱਤੇ ਆਈਆਂ।'' ਜਿਸ ਕਰਕੇ ਕਈਆਂ ਦਾ ਮੰਨਣਾ ਹੈ ਕਿ ਮਰੀਅਮ ਭਜ ਕੇ ਅੱਗੇ ਨਿੱਕਲ ਗਈ ਅਤੇ ਦੂਜੀਆਂ ਨਾਲੋਂ ਪਹਿਲਾਂ ਕਬਰ ਤੇ ਪਹੁੰਚ ਗਈ। ਹੋਰਨਾਂ ਦਾ ਵਿਚਾਰ ਹੈ ਕਿ ਸਭ ਔਰਤਾਂ ਕਬਰ ਵੱਲ ਨੂੰ ''ਹਨ੍ਹੇਰਾ ਰਹਿੰਦਿਆਂ *ਨਿਕਲੀਆਂ* ਅਤੇ ਸੂਰਜ ਨਿਕਲਣ'' ਦੇ ਥੋੜ੍ਹੀ ਦੇਰ ਬਾਅਦ ਪਹੁੰਚ *ਗਈਆਂ।* ਐਨਾ ਵਿਸਤਾਰ ਬੇਲੋੜਾ ਹੈ। [4]ਇਕ ਵਾਰ ਫਿਰ ਅਸੀਂ ਇਹ ਮੰਨਦੇ ਹਾਂ ਕਿ ਯੂਹੰਨਾ ਨੇ ''ਚੇਲਾ ਯਿਸੂ ਜਿਹਨੂੰ ਪ੍ਰੇਮ ਕਰਦਾ ਸੀ'' ਆਪਣੇ ਲਈ ਕਿਹਾ। ਇਹ ਸੰਭਵ ਹੈ ਕਿ ਪਰ ਲਗਦਾ ਨਹੀਂ ਕਿ ਮਰੀਅਮ ਕਬਰ ਤੇ ਜਾਂਦਿਆਂ ਰਾਹ ਵਿਚ ਇਨ੍ਹਾਂ ਦੋਹਾਂ ਨੂੰ ਮਿਲੀ ਹੋਵੇ। ਉਹ ਉਸ ਥਾਂ ਜਾਂ ਥਾਵਾਂ ਤੇ ਗਈ ਹੋਵੇਗੀ ਜਿੱਥੇ ਪਤਰਸ ਅਤੇ ਯੂਹੰਨਾ ਯਰੂਸ਼ਲਮ ਵਿਚ ਰਹਿ ਰਹੇ ਸਨ (ਵੇਖੋ ਯੂਹੰਨਾ 20:10)। ਜੇ ਇਸ ਤਰ੍ਹਾਂ ਹੈ ਤਾਂ ਪਤਰਸ ਉੱਥੇ ਨਹੀਂ ਰੁਕਿਆ ਹੋਵੇਗਾ ਜਿੱਥੇ ਦੂਜੇ ਰਸੂਲ ਸਨ (ਵੇਖੋ ਲੂਕਾ 24:12)। ਯਿਸੂ ਦਾ ਇਨਕਾਰ ਕਰਨ ਦੇ ਬਾਅਦ ਪਤਰਸ ਦੂਜੇ ਚੇਲਿਆਂ ਨੂੰ ਸ਼ਕਲ ਨਹੀਂ ਵਿਖਾਉਣਾ ਚਾਹੁੰਦਾ ਹੋਵੇਗਾ। [5]ਉਹ ਫ਼ਰਿਸ਼ਤਾ ਕਿੱਥੇ ਸੀ ਜਿਹੜਾ ਉਨ੍ਹਾਂ ਔਰਤਾਂ ਨੂੰ ਵਿਖਾਈ ਦਿੱਤਾ ਸੀ ਅਤੇ ਬਾਅਦ ਵਿਚ ਮਰੀਅਮ ਨੂੰ ਵਿਖਾਈ ਦਿੱਤਾ ਸੀ। ਸ਼ਾਇਦ ਖ਼ੁਦਾ ਰਸੂਲਾਂ ਨਾਲ ਉਨ੍ਹਾਂ ਔਰਤਾਂ ਨੂੰ ਵੱਖਰੇ ਢੰਗ ਨਾਲ ਵਰਤਣਾ ਚਾਹੁੰਦਾ ਸੀ। [6]ਇਸ ਕਿਤਾਬ ਵਿਚ ''ਯਿਸੂ ਦੀ ਜੀ ਉੱਠੀ ਦੇਹ'' ਪਾਠ ਵਿਚ ਯਿਸੂ ਦੀ ਜੀ ਉੱਠੀ ਦੇਹ ਤੇ ਲੇਖ ਵੀ ਵੇਖੋ। [7]ਪੀਟਰ ਮਾਰਸ਼ਲ, *ਮਿ. ਜੋਨਸ, ਮੀਟ ਦ ਮਾਸਟਰ* (ਨਿਊ ਯਾਰਕ: ਫ਼ਲੇਮਿੰਗ ਐਚ. ਰੇਵਲ ਕੰ., 1950), 110. [8]ਉਸ ਦਿਨ ਬਾਅਦ ਵਿਚ, ਪਤਰਸ ਅਤੇ ਯੂਹੰਨਾ ਨੇ ਜੋ ਕੁਝ ਉਨ੍ਹਾਂ ਨਾਲ ਹੋਇਆ ਸੀ, ਦੂਜਿਆਂ ਚੇਲਿਆਂ ਨੂੰ ਦੱਸਿਆ ਹੋਵੇਗਾ (ਵੇਖੋ ਲੂਕਾ 24:24)। [9]ਕੁਝ ਲੇਖਕ ਇਸ ਗੱਲ ਵੱਲ ਧਿਆਨ ਦੁਆਉਂਦੇ ਹਨ ਕਿ ਰਸੂਲਾਂ ਨੇ ਜੀ ਉੱਠਣਾ *ਪਹਿਲਾਂ* ਵੇਖਿਆ ਅਤੇ ਫਿਰ *ਬਾਅਦ* ਵਿਚ ਸਮਝੇ ਕਿ ਯਿਸੂ ਦੇ ਕਹਿਣ ਤੋਂ ਕੀ ਭਾਵ ਸੀ ਕਿ ਉਹ ਫੇਰ ਜੀ ਉੱਠੇਗਾ। ਇਹ ਲੇਖਕ ਦਾਅਵਾ ਕਰਦੇ ਹਨ ਕਿ *ਉਮੀਦ* ਨੇ ਰਸੂਲਾਂ ਨੂੰ ਜੀ ਉੱਠੇ ਪ੍ਰਭੂ ਨੂੰ ਵੇਖਣ ਦੀ *ਕਲਪਨਾ* ਨਹੀਂ ਦਿੱਤੀ। [10]ਯਕੀਨਨ ਉਸ ਨੇ ਵੀ ਉਹੀ ਕਫ਼ਨ ਵੇਖਿਆ ਜਿਹੜਾ ਪਤਰਸ ਅਤੇ ਯੂਹੰਨਾ ਨੇ ਬਾਅਦ ਵਿਚ ਵੇਖਿਆ ਸੀ, ਪਰ ਉਸ ਨੇ ਉਨ੍ਹਾਂ ਦੀ ਅਹਿਮੀਅਤ ਨੂੰ ਨਹੀਂ ਸਮਝਿਆ ਹੋਵੇਗਾ।

[11]ਜੇ. ਡਬਲਯੂ. ਮੈਗਰਵੇ ਐਂਡ ਫਿੱਲਿਪ ਵਾਈ. ਪੈਂਡਲਟਨ, *ਦ ਫ਼ੋਰਫ਼ੋਲਡ ਗੌਸਪਲ ਆਰ ਏ ਹਾਰਮਨੀ ਆਫ਼ ਦ ਫ਼ੋਰ ਗੌਸਪਲਜ਼* (ਸਿੰਸਿਨਾਟੀ: ਸਟੈਂਡਰਡ ਪਬਲਿਸ਼ਿੰਗ ਕੰ., 1914), 743. [12]ਇਸ ਕਿਤਾਬ ਵਿਚ ''ਯਿਸੂ ਦੀ ਜੀ ਉੱਠੀ ਦੇਹ'' ਲੇਖ ਵੇਖੋ। [13]ਆਇਤ 16 ਤੋਂ ਭਾਵ ਹੈ ਕਿ ਉਸ ਨੂੰ ਸਿਰਫ਼ ਇਕ ਨਜ਼ਰ ਵੇਖਿਆ

ਅਤੇ ਫਿਰ ਅਣਗੌਲਿਆ ਕਰ ਦਿੱਤਾ। [14]ਅਰਿਮਥੈਆ ਦਾ ਯੂਸੁਫ਼ ਅਮੀਰ ਆਦਮੀ ਸੀ ਜਿਸ ਕਰਕੇ ਉਸ ਦੇ ਨੌਕਰ ਹੋਣਗੇ, ਜਿਨ੍ਹਾਂ ਵਿੱਚੋਂ ਇਕ ਯੂਸੁਫ਼ ਦੀ ਕਬਰ ਵਾਲੇ ਬਾਗ ਦੀ ਦੇਖਭਾਲ ਦਾ ਜ਼ਿੰਮਾ ਵੀ ਹੋਵੇਗਾ। [15]KJV ਅਤੇ ਪੰਜਾਬੀ ਵਿਚ ''ਮੈਨੂੰ ਨਾ ਛੂਹ'' ਹੈ, ਪਰ ''[ਯੂਨਾਨੀ] ਕਿਰਿਆ ਦਾ ਕਾਲ ਅਤੇ ਸੰਕੇਤ ਜੋ ਕੀਤਾ ਜਾ ਰਿਹਾ ਹੈ ਉਸ ਨੂੰ ਕਰਨਾ ਬੰਦ ਕਰਨਾ ਹੈ'' (ਰੌਬਰਟ ਡੰਕਨ, *ਦ ਲਾਈਫ਼ ਆਫ਼ ਕ੍ਰਾਈਸਟ* [ਗ੍ਰੈਂਡ ਰੈਪਿਡਸ ਮਿਸ਼ਿਗਨ: ਬੇਕਰ ਬੁਕ ਹਾਊਸ, 1976], 270)। [16]ਮੌਤ ਵੇਲੇ ਉਹ ਪਤਾਲ ਲੋਕ (ਰਸੂਲਾਂ ਦੇ ਕੰਮ 2:31), ਭਾਵ ''ਸੁਰਗ ਲੋਕ'' (ਲੂਕਾ 23:43) ਵਿਚ ਗਿਆ ਸੀ। ਉਹ ਅਜੇ ਸੁਰਗ ਵਿਚ ਨਹੀਂ ਗਿਆ ਸੀ। [17]KJV ਦੀ ਸ਼ਬਦਾਵਲੀ ''ਮੈਨੂੰ ਨਾ ਛੂਹ'' ਨਾਲ ਕੁਝ ਉਲਝਨ ਪੈ ਗਈ ਹੈ ਕਿਉਂਕਿ ਯਿਸੂ ਨੇ ਦੂਜਿਆਂ ਨੂੰ ਉਸ ਨੂੰ ਛੂਹਣ ਦੀ ਇਜਾਜ਼ਤ ਦਿੱਤੀ (ਮੱਤੀ 28:9; ਲੂਕਾ 24:39; ਯੂਹੰਨਾ 20:27)। ਮਰੀਅਮ ਨੂੰ ਯਿਸੂ ਦੀ ਚਿਤਾਵਨੀ ਇਸ ਕਰਕੇ ਹੋ ਸਕਦੀ ਹੈ ਤਾਂ ਜੋ ਉਹ ਹਿੰਮਤ ਨਾ ਹਾਰ ਸਕੇ। [18]ਕੁਝ ਲੋਕਾਂ ਦਾ ਮੰਨਣਾ ਹੈ ਕਿ ਯਿਸੂ ਆਪਣੇ ਰਸੂਲਾਂ ਦੀ ਬਜਾਇ ਆਪਣੇ ਦੁਨਿਆਵੀ ਭਰਾਵਾਂ ਦੀ ਗੱਲ ਕਰ ਰਿਹਾ ਸੀ, ਪਰ ਮਰੀਅਮ ਨੇ ਸਮਝਿਆ ਕਿ ਇਹ ਰਸੂਲਾਂ ਲਈ ਹੈ; ਅਤੇ ਉਹ ਉਨ੍ਹਾਂ ਕੋਲ ਚਲੀ ਗਈ (ਯੂਹੰਨਾ 20:18)। ਮੈਕਗਰਵੇ ਨੇ ਲਿਖਿਆ ਹੈ, ''ਪਹਿਲੀ ਵਾਰ ਇੱਥੇ ਪ੍ਰਭੂ ਵੱਲੋਂ ਆਪਣੇ ਚੇਲਿਆਂ ਲਈ 'ਭਾਈਆਂ' ਸ਼ਬਦ ਵਰਤਿਆ ਗਿਆ।'' (ਮੈਗਰਵੇ ਐਂਡ ਪੈਂਡਲਟਨ, 745)। ਵੇਖੋ ਇਬਰਾਨੀਆਂ 2:11. [19]ਧਿਆਨ ਦਿਓ ਕਿ ਯਿਸੂ ਨੇ ''ਸਾਡੇ ਪਿਤਾ'' ਜਾਂ ''ਸਾਡੇ ਖ਼ੁਦਾ'' ਨਹੀਂ ਆਖਿਆ। ਪਰਮੇਸ਼ੁਰ ਪਿਤਾ ਨਾਲ ਉਸ ਦਾ ਸਬੰਧ ਰਸੂਲਾਂ ਨਾਲੋਂ ਫ਼ਰਕ ਸੀ। [20]ਜ਼ਾਹਿਰ ਹੈ ਕਿ ਲੂਕਾ 24:10 ਵਿਚ ਲੂਕਾ ਨੇ ਮਰੀਅਮ ਅਤੇ ਹੋਰ ਔਰਤਾਂ ਦੀਆਂ ਦੱਸੀਆਂ ਗੱਲਾਂ ਨੂੰ ਫੈਲਾ ਦਿੱਤਾ।

[21]ਮੱਤੀ ਦੇ ਵਿਰਤਾਂਤ ਤੋਂ ਲਗਦਾ ਹੈ ਕਿ ਯਿਸੂ ਔਰਤਾਂ ਨੂੰ ਉਦੋਂ ਵਿਖਾਈ ਦਿੱਤਾ ਜਦ ਉਹ ਫ਼ਰਿਸ਼ਤੇ ਵੱਲੋਂ ਉਨ੍ਹਾਂ ਨੂੰ ਦੱਸੀਆਂ ਗੱਲਾਂ ਚੇਲਿਆਂ ਨੂੰ ਦੱਸਣ ਲਈ ਉਨ੍ਹਾਂ ਕੋਲ ਜਾ ਰਹੀਆਂ ਸਨ (ਮੱਤੀ 28:5–10)। ਜਦ ਕਲਿਉਪਸ ਨੇ ਆਪਣੇ ਜਾਣ ਦੀ ਗੱਲ ਚੇਲਿਆਂ ਨੂੰ ਦੱਸੀ, ਤਾਂ ਉਸ ਨੇ ਸਿਰਫ਼ ਇਹੀ ਦੱਸਿਆ ਕਿ ਔਰਤਾਂ ਨੇ ਫ਼ਰਿਸ਼ਤਿਆਂ ਨੂੰ ਵੇਖਿਆ ਸੀ (ਲੂਕਾ 24:22, 23), ਨਾ ਕਿ ਇਹ ਕਿ ਉਨ੍ਹਾਂ ਨੇ ਪ੍ਰਭੂ ਨੂੰ ਵੇਖਿਆ। ਇਸ ਤੋਂ ਇਹ ਸੰਕੇਤ ਮਿਲ ਸਕਦਾ ਹੈ ਕਿ ਯਿਸੂ ਉਨ੍ਹਾਂ ਔਰਤਾਂ ਨੂੰ ਉਦੋਂ ਵਿਖਾਈ ਦਿੱਤਾ ਜਦ ਉਹ *ਉੱਥੇ* ਜਾ ਰਹੀਆਂ ਸਨ ਜਿੱਥੇ ਚੇਲੇ ਠਹਿਰੇ ਹੋਏ ਸਨ। [22]ਹੋ ਸਕਦਾ ਹੈ ਕਿ ਔਰਤਾਂ ਚੇਲਿਆਂ ਕੋਲ *ਦੂਜੀ* ਵਾਰ ਗਈਆਂ ਹੋਣ, ਅਤੇ ਇਸ ਵਾਰ ਇਹ ਦੱਸਣ ਲਈ ਗਈਆਂ ਕਿ ਉਨ੍ਹਾਂ ਨੇ ਸਚਮੁਚ ਜੀ ਉੱਠੇ ਪ੍ਰਭੂ ਨੂੰ ਵੇਖਿਆ ਹੈ। [23]ਸ਼ਾਇਦ ਉੱਚੇ ਰੁਤਬੇ ਵਾਲੇ ਸਿਪਾਹੀਆਂ ਨੇ (ਜਿਹੜੇ ਇੰਚਾਰਜ ਸਨ ਅਤੇ ਇਸ ਕਰਕੇ ਜ਼ਿੰਮੇਵਾਰ ਸਨ) ਪ੍ਰਧਾਨ ਜਾਜਕਾਂ ਨੂੰ ਜਾ ਕੇ ਦੱਸਿਆ, ਜਦਕਿ ਛੋਟੇ ਅਹੁਦੇ ਵਾਲੇ ਸਿਪਾਹੀ ਬੈਰਕਾਂ ਵਿਚ ਵਾਪਸ ਚਲੇ ਗਏ। [24]ਜਿੱਥੇ ਮੈਂ ਰਹਿੰਦਾ ਹਾਂ ਉੱਥੇ ਅਸੀਂ ਕਹਾਂਗੇ, ''ਉਹ ਹਕੀਕਤ ਤੇ ਕਿਹੜਾ *ਪੜਦਾ* ਪਾ ਸਕੇ ਕਿ ਕਬਰ ਖਾਲੀ ਹੈ?'' [25]ਰੌਬਰਟ ਐਲ. ਥੌਮਸ ਅਤੇ ਸੰਪਾ. ਸਟੈਨਲੀ ਐਲ. ਗੁੰਡਰੀ, ਸਹਿ ਸੰਪਾ., *ਏ ਹਾਰਮਨੀ ਆਫ਼ ਦ ਗੌਸਪਲਜ਼* (ਸ਼ਿਕਾਗੋ: ਮੂਡੀ ਪ੍ਰੈੱਸ, 1978), 256. [26]ਮੈਗਰਵੇ ਐਂਡ ਪੈਂਡਲਟਨ, 747. [27]ਰਿਚਰਡ ਰੋਜਰਸ, *ਦ ਲਾਈਫ਼ ਆਫ਼ ਕ੍ਰਾਈਸਟ ਐਂਡ ਹਿਜ਼ ਟੀਚਿੰਗ* (ਲਬੌਕ, ਟੈਕਸਸ: ਸੰਨਸੈਟ ਇੰਟਰਨੈਸ਼ਨਲ ਬਾਈਬਲ ਇੰਸਟੀਚਿਊਟ ਐਕਸਟਰਨਲ ਸਟੱਡੀਜ਼ ਡਿਪਾਰਟਮੈਂਟ, 1995), 104. [28]ਮੈਕਗਰਵੇ ਐਂਡ ਪੈਂਡਲਟਨ , 747. ਇਹ ਗੱਲ ਮਾਰਟਿਰ *ਡਾਇਲਾਗ ਵਿਦ ਟ੍ਰਾਇਫ਼ੋ* 108 ਹੀ ਹੈ। [29]ਥੌਮਸ ਐਂਡ ਗੁੰਡਰੀ, 256. [30]ਡੇਵਿਡ ਐਲ. ਰੋਪਰ, ''ਪ੍ਰਭੂ ਨਾਲ ਮੇਲ'' *ਟਰੁਥ ਫ਼ਾਰ ਟੁਡੇ* ( ਸੰਤਬਰ 1994):50.

[31]ਜੌਨ ਫ਼੍ਰੈਂਕਲਿਨ ਕਾਰਟਰ, *ਏ ਲੇਮੈਨ'ਸ ਹਾਰਮਨੀ ਆਫ਼ ਦ ਗੌਸਪਲਜ਼* (ਨੈਸ਼ਵਿੱਲ: ਬ੍ਰੌਡਮੈਨ ਪ੍ਰੈੱਸ, 1961), 351. [32]ਇਕ ਹੋਰ ਦਰਸ਼ਨ ਉਸ ਦਿਨ ਨਾਲ ਥੋੜਾ ਜਿਹਾ ਮੇਲ ਖਾਂਦਾ ਹੈ ਜਿਸ ਵਿਚ ਯਿਸੂ ਨੇ ਕਲਿਉਪਸ ਅਤੇ ਉਸ ਦੇ ਸਾਥੀ ਨੂੰ ਵਿਖਾਈ ਦੇਣ ਤੋਂ ਥੋੜ੍ਹੀ ਦੇਰ ਬਾਅਦ ਗਿਆਰਾਂ ਨੂੰ ਦਰਸ਼ਨ ਦਿੱਤਾ। ਯੂਹੰਨਾ ਦੇ ਮੁਤਾਬਿਕ, ਜਿਸ ਨੇ ਰੋਮੀ ਸਮੇਂ ਦੀ ਵਰਤੋਂ ਕੀਤੀ, ਇਹ ਦਰਸ਼ਨ ਵੀ ''ਪਹਿਲਾ ਦਿਨ'' ਦਾ ਹੀ ਸੀ (ਯੂਹੰਨਾ 20:19)। ਅਗਲੇ ਪਾਠ ਵਿਚ ਮੈਂ ਇਸ ਬਾਰੇ ਹੋਰ ਗੱਲ ਕਰਾਂਗਾ। [33]ਇੰਮਾਊਸ ਦੀ ਸੰਭਾਵਿਤ ਥਾਂ ਲਈ ਵੇਖੋ ''ਯਿਸੂ ਦੇ ਸਮੇਂ ਫ਼ਲਿਸਤੀਨ'' ਦਾ ਨਕਸ਼ਾ–ਇਸ ਦੀ ਸਥਿਤੀ ਬਾਰੇ ਯਕੀਨ ਜਾਣੋ। [34]ਇਹ ਕਲਿਉਪਸ ਦਾ

ਪੁੱਤਰ, ਮਿੱਤਰ ਜਾਂ ਕਲਿਉਪਸ ਦੀ ਪਤਨੀ ਹੋ ਸਕਦੇ ਹਨ। NASB ਵਿਚ ਯਿਸੂ ਉਨ੍ਹਾਂ ਦੋਹਾਂ ਨੂੰ ''ਮੂਰਖ *ਬੰਦੇ*'' ਦੱਸਦਾ ਹੈ (ਲੂਕਾ 24:25), ਪਰ ਮੂਲ ਲਿਖਤ ਵਿਚ ਸਿਰਫ਼ ''ਬੇਵਕੂਫ਼ੋ'' ਹੀ ਹੈ। [35]ਇੱਥੇ ਤਕ ਉਨ੍ਹਾਂ ਦੇ ਦਿਮਾਗ ਵਿਚ ''ਇਸਰਾਏਲ ਦੇ ਛੁਟਕਾਰੇ'' ਦਾ ਮਤਲਬ ਰੋਮੀ ਜ਼ੁਲਮ ਤੋਂ ਉਸ ਕੌਮ ਨੂੰ ਬਚਾਉਣਾ ਸੀ। ਇਸ ਸਮਝ ਦੇ ਬਾਵਜੂਦ, ਕਲਿਉਪਸ ਦੇ ਸ਼ਬਦਾਂ ਵਿਚ ਇਹੀ ਉਮੀਦ ਸੀ ਕਿ ਯਿਸੂ ਉਹੀ ਮਸੀਹ ਸੀ ਜਿਸਦੀ ਉਹ ਉਮੀਦ ਕਰ ਰਹੇ ਸਨ, ਪਰ ਉਹ ਉਡੀਕ ਉਸ ਦੇ ਸਲੀਬ ਦਿੱਤੇ ਜਾਣ ਨਾਲ ਮੁੱਕ ਗਈ। [36]ਇਸ ਪਾਠ ਵਿਚ ਉੱਪਰ ਦਿੱਤੇ ਲੂਕਾ 24:16, 17 ਤੇ ਨੋਟਸ ਵੇਖੋ। [37]''ਗਿਆਰਾਂ'' ਰਸੂਲਾਂ ਲਈ ਵਰਤਿਆ ਜਾਣ ਵਾਲਾ ਆਮ ਸ਼ਬਦ ਹੈ। ਇਸ ਮੌਕੇ ਥੋਮਾ ਖੁੰਝ ਗਿਆ ਸੀ (ਯੂਹੰਨਾ 20:24), ਇਸ ਦਾ ਮਤਲਬ ਇਹ ਹੈ ਕਿ ਬਚੇ ਹੋਏ ਗਿਆਰਾਂ ਰਸੂਲ ਸਾਰੇ ਉੱਥੇ ਨਹੀਂ ਸਨ। [38]ਘਟਨਾਵਾਂ ਦੀ ਮੇਰੀ ਤਰਤੀਬ ਲੂਕਾ 24:34 ਨਾਲ ਮਰਕੁਸ 16:13, 14 ਨੂੰ ਮਿਲਾਉਣ ਦਾ ਇਕ ਤਰੀਕਾ ਹੈ। [39]ਜਿਵੇਂ ਕਿ ਅਸੀਂ ਅਗਲੇ ਪਾਠ ਵਿਚ ਵੇਖਾਂਗੇ, ਇਸ ਦੇ ਬਾਅਦ ਜਦ ਯਿਸੂ ਰਸੂਲਾਂ ਨੂੰ ਵਿਖਾਈ ਦਿੱਤਾ, ਤਾਂ ਉਨ੍ਹਾਂ ਨੂੰ ਲੱਗਾ ਕਿ ਉਹ ਕੋਈ ਭੂਤ ਹੈ (ਲੂਕਾ 24:37)। [40]ਮੈਗਰਵੇ ਐਂਡ ਪੈਂਡਲਟਨ, 742.

[41]ਥੌਮਸ ਐਂਡ ਗੁੰਡਰੀ, 256. [42]ਐਚ. ਆਈ. ਹੇਸਟਰ, *ਦ ਹਾਰਟ ਆਫ਼ ਦ ਨਿਊ ਟੈਸਟਾਮੈਂਟ* (ਲਿਬਰਟੀ, ਮਿਜ਼ੋਰੀ, ਕਵਾਲਿਟੀ ਪ੍ਰੈੱਸ, 1963), 225.